# ਪਿੰਡ ਬ੍ਰਹਿਮੰਡ

# ਪਿੰਡ ਬ੍ਰਹਿਮੰਡ

ਹਰਚਰਨ ਸਿੰਘ ਗਿੱਲ

# Pind Brehmand

*by*

**Harcharan Singh Gill**
V.P.O. Gholia Kalan, Distt. Moga (Punjab)
Mob: 98145-25354

2009
Sole Distributors
Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana-98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

Published by :
Saraknama Parkashan
Nacchattar Singh Dhaliwal Bhawan
Moga
Ph. 98147-83069

# ਸਮਰਪਤ

ਉਨ੍ਹਾਂ ਪਿਆਰੇ ਤੇ ਸ਼ਰਾਰਤੀ
ਬੱਚਿਆਂ ਸਰਵ ਨੂਰ ਤੇ
ਅੱਵਲ ਨੂਰ ਦੇ ਨਾਂ ਜਿਹੜੇ
ਸਾਰਾ ਦਿਨ 'ਨਾਨੂ ਪਾਪਾ'
ਕਹਿੰਦੇ ਨਹੀਂ ਥੱਕਦੇ
ਤੇ ਮੇਰੇ ਕੰਨ ਸੁਣਨੋਂ
ਨਹੀਂ ਅੱਕਦੇ

# ਤਤਕਰਾ


| | | |
|---|---|---|
| ➣ | ਕਹਿਣਾ ਬਣਦਾ ਹੈ | 9 |
| ➣ | ਮੈਂ ਵੀ ਕੁਝ ਬੋਲਾਂ | 11 |
| ➣ | ਪਿੰਡ ਬ੍ਰਹਿਮੰਡ ਤੇ ਸਮਾਂ | 11 |
| ➣ | ਜ਼ਿੰਦਗੀ | 17 |
| ➣ | ਸ਼ੈਤਾਨ | 18 |
| ➣ | ਖ਼ਤ | 21 |
| ➣ | ਚਾਹਤ | 23 |
| ➣ | ਬੰਦ ਕਰ ਛਾਣਨੀ ਰਾਗ | 25 |
| ➣ | ਜੀਵਨ ਦੇ ਦਿਨ ਚਾਰ | 29 |
| ➣ | ਇੱਕ ਆਹ | 32 |
| ➣ | ਵਹਿ ਵਹਿ ਵੇ ਝਨਾਂ ਦੇ ਪਾਣੀਆਂ | 34 |
| ➣ | ਭੰਗਣ ਕੁੜੀ | 37 |
| ➣ | ਝੂਠੇ ਕੌਲ ਕਰਾਰ | 39 |
| ➣ | ਗੀਤ | 42 |
| ➣ | ਮਲ੍ਹਿਆਂ ਵਾਂਗ ਖਲੋਏ | 45 |
| ➣ | ਮੁਟਿਆਰ | 46 |
| ➣ | ਅਨ੍ਹੇਰੀਆਂ ਝੁੱਲੀਆਂ | 48 |
| ➣ | ਆਵਾਜ਼ | 50 |
| ➣ | ਫੁੱਲਾਂ ਨੇ ਕੀ ਸਾਥ ਦੇਣਾ ਸੀ | 52 |
| ➣ | ਮੇਰੇ ਜ਼ਖਮਾਂ ਤੇ | 53 |
| ➣ | ਕਣਕਾਂ ਵਾਲਿਆ | 54 |
| ➣ | ਅੱਜ ਮੈਂ ਤੱਕਿਆ | 57 |
| ➣ | ਪਿਤਾ ਦੀ ਮੌਤ ਤੇ | 59 |

➢ ਲੋਹੀ ਕਿਰਨ 63
➢ ਤੇਰੀ ਮਹਿਫ਼ਲ ਵਿੱਚ 66
➢ ਮੈਨੂੰ ਨਿਆਰਾ ਰਹਿਣ ਦੇ 67
➢ ਵਫ਼ਾ ਨੂੰ ਕਰਦੇ ਖੁਆਰ 68
➢ ਵਿਕਦਾ ਵਿਰਸਾ ਪੰਜਾਬ ਦਾ 69
➢ ਵਿਉਪਾਰ ਕਿਉਂ ਹੈ ? 70
➢ ਜੀਵਨ 71
➢ ਦੋ ਨਰਗਸੀ ਨੈਣ 73
➢ ਗੀਤ 75-93
➢ ਰੱਬ 94
➢ ਰੈਣ ਬੇਸਰਾ 94
➢ ਮੌਤ 95
➢ ਸਾੜ੍ਹਾ 95
➢ ਇਸ਼ਕ ਦੀ ਮੰਜ਼ਲ 96
➢ ਫ਼ਸਲ 96
➢ ਚੰਨ 97
➢ ਬਸੰਤ ਰੁਤ 97
➢ ਘੁੰਡ 98
➢ ਮਾਹੀ ਦੀ ਉਡੀਕ 98
➢ ਪ੍ਰੇਮ ਖੁਮਾਰੀ 99
➢ ਪਿਆਸ 99
➢ ਉਡੀਕ 100

# ਕਹਿਣਾ ਬਣਦਾ ਹੈ

ਕਲਾ ਮਨੁੱਖ ਨਾਲ ਹੀ ਜਨਮੀ ਹੈ। ਮਨੁੱਖੀ ਮਨ ਨਾਲ ਇਸ ਦਾ ਮੇਲ ਜਨਮ-ਜਨਮਾਤਰਾਂ ਤੋਂ ਹੈ। ਯੋਗ ਸਮੇਂ ਤੇ ਇਹ ਅੰਦਰੋਂ ਆਪ ਮੁਹਾਰੇ ਕਲਮ ਰਾਹੀਂ ਕਾਗਜ਼ ਉੱਪਰ ਵਹਿ ਤੁਰਦੀ ਹੈ। ਮਨੁੱਖੀ ਮਨ ਦੀ ਵੇਦਨਾ ਨੂੰ ਸ਼ਬਦਾਂ ਦਾ ਖੂਬਸੂਰਤ ਜਾਮਾ ਪਹਿਨਾ, ਪ੍ਰਗਟ ਕਰਨਾ ਹੀ ਕਾਵਿ ਕਲਾ ਹੈ।

ਮੈਂ ਤੇ ਹਰਚਰਨ ਗੌਰਮਿੰਟ ਕਾਲਜ ਮੁਕਤਸਰ ਵਿਖੇ ਗਿਆਰਵੀਂ ਵਿੱਚ ਇੱਕਠੇ ਦਾਖਲ ਹੋਏ। ਕਵਿਤਾ ਰਾਹੀਂ ਇੱਕ ਦੂਜੇ ਦੇ ਨੇੜੇ ਹੋਏ ਤੇ ਸਾਡੀ ਦੋਸਤੀ ਅੱਜ ਤੱਕ ਨਿਭ ਰਹੀ ਹੈ।

ਹਰਚਰਨ ਕੋਮਲ ਹਿਰਦੇ ਵਾਲਾ ਸਾਥੀ ਹੈ। ਸਮਾਜਿਕ ਤੇ ਆਰਥਿਕ ਕਦਰਾਂ ਕੀਮਤਾਂ ਨੂੰ ਉਸਨੇ ਹੰਢਾਇਆ ਹੈ। ਇਹ ਉਸਦੇ ਨਰੋਏ ਅਨੁਭਵ ਦਾ ਹਿੱਸਾ ਹਨ। ਰਿਸ਼ਤਿਆਂ ਦੀ ਡੋਰ ਨੂੰ ਟੁੱਟਦਿਆਂ ਤੇ ਇਸ ਵਿਵਸਥਾ ਦਾ ਘਾਣ ਹੁੰਦਿਆਂ ਉਸਨੇ ਤੱਕਿਆ ਹੈ। ਆਰਥਿਕ ਲੁੱਟ ਖਸੁੱਟ ਤੇ ਸੱਭਿਆਚਾਰ ਦਾ ਵਿਗੜਦਾ ਮੁਹਾਂਦਰਾ ਦੇਖਕੇ ਉਹ ਤੜਪ ਉੱਠਦਾ ਹੈ। ਪਿਛਲੇ ਦਹਾਕਿਆਂ ਵਿੱਚ ਪੰਜਾਬ ਦੀ ਦੁਰਦਸ਼ਾ ਤੇ ਭਾਈਚਾਰਕ ਸਾਂਝਾਂ ਦਾ ਵਿਗੜਨਾ ਉਸ ਦੇ ਮਨ ਨੂੰ ਵਲੂੰਧਰ ਗਿਆ ਹੈ। ਉਸਨੇ ਇਸ ਤਰਾਸਦੀ ਦਾ ਕਾਰਨ ਤੇ ਇਸਦਾ ਹੱਲ ਲੱਭਣ ਦੀ ਘਾਲਣਾ ਘਾਲੀ ਹੈ। ਸਮਾਜਿਕ ਰਿਸ਼ਤਿਆਂ ਦੀ ਨਿੱਘਰਦੀ ਹਾਲਤ ਤੇ ਆਪਸੀ ਸਨਮਾਨ ਦੀ ਅਣਹੋਂਦ ਤੇ ਉਸਦੇ ਹਿਰਦੇ ਦੀ ਤੜਪਣ ਉਸਦੀ ਲਿਖਤ ਵਿੱਚੋਂ ਪ੍ਰਗਟ ਹੁੰਦੀ ਹੈ।

ਹਰਚਰਨ ਵਿਗਿਆਨਿਕ ਵਿਚਾਰਧਾਰਾ ਦਾ ਧਾਰਨੀ ਹੈ। ਇਹ ਵਿਚਾਰਧਾਰਾ ਉਸਦੀ ਲਿਖਤ ਵਿੱਚ ਵੀ ਵਿਦਮਾਨ ਹੈ। ਪਿੰਡ ਬ੍ਰਹਿਮੰਡ ਅਤੇ ਜ਼ਿੰਦਗੀ ਬਾਰੇ ਉਸਦੇ ਵਿਚਾਰ ਪਰਪੱਕ ਹਨ। ਸਮੇਂ ਬਾਰੇ ਉਸਦੇ ਵਿਚਾਰ ਨਵੇਂ ਅਤੇ ਵਿਗਿਆਨਿਕ ਹਨ। ਉਸ ਅਨੁਸਾਰ ਸਮਾਂ ਸਦੀਵ ਤੇ ਅਹਿੱਲ ਹੈ। ਸਮਾਂ ਬੀਤਦਾ ਨਹੀਂ। ਸਗੋਂ ਨਜਰ ਆਉਂਦੀ ਹਰ ਵਸਤੂ ਬੀਤ ਰਹੀ ਹੈ ਅਤੇ ਖਤਮ ਹੋ ਰਹੀ ਹੈ। ਪਰੰਤੂ ਸਮਾਂ ਕਦੇ ਖਤਮ ਨਹੀ ਹੁੰਦਾ। ਇਸ ਦਾ ਨਾ ਆਦਿ ਹੈ ਨਾ ਅੰਤ ਹੋਵੇਗਾ। ਇਸ ਤੇ ਵਿਚਾਰ ਕਰਨੀ ਉੱਚਿਤ ਬਣਦੀ ਹੈ। ਮੈਂ ਉਸਦੇ ਵਿਚਾਰਾਂ ਨਾਲ ਸਹਿਮਤ ਹੋ ਜਾਣਾ ਚਾਹੁੰਦਾ ਹਾਂ। ਉਸਦਾ ਇਹ ਵਿਚਾਰ ਸੋਚਣ ਲਈ ਮਜਬੂਰ ਕਰਦਾ ਹੈ।

ਮੈਂ ਉਸਨੂੰ ਪ੍ਰੇਰਦਾ ਰਿਹਾ ਹਾਂ ਕਿ ਉਹ ਆਪਣੇ ਅਨੁਭਵਾਂ ਨੂੰ, ਜੋ ਉਹ ਆਪਣੀਆਂ ਲਿਖਤਾਂ ਵਿੱਚ ਸਮੋਈ ਬੈਠਾ ਹੈ, ਪੁਸਤਕ ਦਾ ਰੂਪ ਦੇਵੇ। ਮੇਰੇ ਮਨ ਦੀ ਪਰਬਲ ਇੱਛਾ ਨੂੰ ਉਹ ਪੂਰਾ ਕਰ ਰਿਹਾ ਹੈ। ਮੈਨੂੰ ਅਤਿਅੰਤ ਖੁਸ਼ੀ ਹੈ। ਮੈਂ 'ਪਿੰਡ ਬ੍ਰਹਿਮੰਡ' ਨੂੰ ਪੰਜਾਬੀ ਮਾਂ ਦੀ ਝੋਲੀ ਪਾਉਣ ਤੇ ਉਸਨੂੰ ਵਧਾਈ ਦਿੰਦਾ ਹਾਂ। ਪ੍ਰਮਾਤਮਾ ਉਸਨੂੰ ਤੰਦਰੁਸਤੀ ਅਤੇ ਹੋਰ ਲਿਖਣ ਦਾ ਸਮਾਂ ਬਖਸ਼ੇ।

ਜਸਟਿਸ ਬਲਵੰਤ ਰਾਏ
ਪੰਚਕੂਲਾ

# ਮੈਂ ਵੀ ਕੁਝ ਬੋਲਾਂ

ਮੈਂ ਕਾਫੀ ਸਮੇਂ ਤੋਂ ਆਪਣੇ ਮਨੋ ਭਾਵਾਂ ਨੂੰ ਸ਼ਬਦਾਂ ਦਾ ਰੂਪ ਦਿੰਦਾ ਆ ਰਿਹਾ ਹਾਂ। ਮੈਂ ਜ਼ਿੰਦਗੀ ਭਰਪੂਰ ਢੰਗ ਨਾਲ ਜੀਵੀ ਹੈ। ਮਨੁੱਖ ਦਾ ਜਨਮ ਲੈਣਾ ਤੇ ਜ਼ਿੰਦਗੀ ਦਾ ਰਸ ਮਾਣਦਿਆਂ ਹੋਇਆਂ ਪੂਰਨਤਾ ਨੂੰ ਪੁਜਣਾ ਹਰ ਮਨੁੱਖ ਦੇ ਹਿੱਸੇ ਦੀ ਗਲ ਹੈ। ਇਸ ਸਫਰ ਨੂੰ ਹਰ ਇੱਕ ਆਪਣੇ ਢੰਗ ਤਰੀਕੇ ਨਾਲ ਤੈਅ ਕਰਦਾ ਹੈ। ਇੰਝ ਕਰਦਿਆਂ ਪ੍ਰਾਪਤ ਅਨੁਭਵ ਉਸਦੀ ਪੂੰਜੀ ਬਣਦਾ ਹੈ। ਇਸ ਪੂੰਜੀ ਨੂੰ ਦੂਜਿਆਂ ਨਾਲ ਕਿਵੇਂ ਸਾਂਝੀ ਕਰਨਾ ਹੈ, ਉਸਦਾ ਆਪਣਾ ਢੰਗ ਤਰੀਕਾ ਹੈ। ਮੈਂ ਇਸ ਲਈ ਕਵਿਤਾ ਦਾ ਮਾਧਿਅਮ ਚੁਣਿਆ ਹੈ। ਮੈਂ ਕਿਥੋਂ ਤੱਕ ਆਪਣੇ ਅਨੁਭਵ ਨੂੰ ਆਪਣੀਆਂ ਲਿਖਤਾਂ ਵਿੱਚ ਸਮੋਅ ਸਕਿਆ ਹਾਂ, ਪਾਠਕ ਹੀ ਅਨੁਮਾਨ ਲਾ ਸਕਦਾ ਹੈ।

ਮੈਂ ਕਦੇ ਆਪਣੀਆਂ ਰਚਨਾਵਾਂ ਨੂੰ ਪੁਸਤਕ ਦਾ ਰੂਪ ਦੇਣ ਬਾਰੇ ਸੋਚਿਆ ਤੱਕ ਨਹੀਂ ਸੀ, ਪਰ ਸਾਹਿਤਕ ਮਿੱਤਰ ਮੈਨੂੰ ਬਾਰ ਬਾਰ ਇਸ ਲਈ ਪ੍ਰੇਰਦੇ ਰਹੇ। ਖਾਸ ਤੌਰ ਤੇ ਜਸਟਿਸ ਰਾਏ ਨੇ ਮੈਨੂੰ ਬਹੁਤ ਪ੍ਰੇਰਿਆ ਤੇ ਮੈਂ ਉਨ੍ਹਾਂ ਦੀ ਇੱਛਾ ਦੀ ਪੂਰਤੀ ਲਈ ਮਜਬੂਰ ਹੋ ਗਿਆ। ਇਸ ਪੁਸਤਕ ਦੇ ਛਪਣ ਦਾ ਸਾਰਾ ਕੰਮ ਬਲਵੰਤ ਨੇ ਮੈਨੂੰ ਸਹਿਯੋਗ ਦੇ ਕੇ ਪੂਰਾ ਕਰਵਾਇਆ ਹੈ। ਉਨ੍ਹਾਂ ਦੀ ਵਡਮੁੱਲੀ ਰਾਏ ਤੇ ਪਹਿਚਾਣ ਮੇਰੇ ਬਹੁਤ ਕੰਮ ਆਏ ਹਨ। ਉਨ੍ਹਾਂ ਦੀ ਪੁਸਤਕ 'ਨਦੀ ਮੈਨੂੰ ਪੀ ਗਈ' ਸਾਹਿਤਕ ਪਿੜ ਵਿਚ ਸਲਾਹੀ ਗਈ ਹੈ। ਮੇਰੀ ਪੁਸਤਕ ਲਈ ਵੀ ਜਸਟਿਸ ਬਲਵੰਤ ਰਾਏ ਸ਼ੁਭ ਇਛਾਵਾਂ ਪਰਗਟ ਕਰਦੇ ਹਾਂ ਅਤੇ ਪਾਠਕਾਂ ਨੂੰ ਇਸ ਪੁਸਤਕ ਨੂੰ ਪੜ੍ਹਨ ਲਈ ਪ੍ਰੇਰਦੇ ਹਨ।

ਉਨ੍ਹਾਂ ਦੀ ਸਿਹਤ ਕੁੱਝ ਠੀਕ ਨਹੀ ਚਲ ਰਹੀ ਹੈ। ਮੈਂ ਕਾਮਨਾ ਕਰਦਾ ਹਾਂ ਕਿ ਉਹ ਜਲਦੀ ਠੀਕ ਹੋ ਜਾਣ ਤੇ ਹੋਰ ਰਚਨਾਵਾਂ ਰਚ ਕੇ ਪੰਜਾਬੀ ਮਾਂ ਦੀ ਝੋਲੀ ਪਾਉਣ।

ਹਰਚਰਨ ਸਿੰਘ ਗਿੱਲ
ਘੋਲੀਆਂ ਕਲਾਂ

## ਪਿੰਡ ਬ੍ਰਹਿਮੰਡ ਤੇ ਸਮਾਂ

ਧੁੰਧ ਗੁਬਾਰ ਸੀ ਧੁੰਧੂਕਾਰਾ
ਛਿਨ ਵਿੱਚ ਪਸਰਿਆ ਕੁਲ ਪ੍ਰਸਾਰਾ
ਚਾਨਣ ਤੇ ਸ਼ਕਤੀ ਦਾ
ਤਕਦੇ ਹੋ ਜੋ ਅੱਜ ਨਜ਼ਾਰਾ।
ਮੈਂ ਤੇ ਖੜਾ ਹਾਂ ਕੱਲਾ ਕਾਰਾ
ਮੈਂ ਤਾਂ ਹਾਂ ਇੱਕ ਜੜ੍ਹ ਪਰਾਣੀ
ਮੇਰੀ ਤਾਂ ਹੈ ਅਲੱਗ ਕਹਾਣੀ
ਪਤਾ ਨਹੀਂ ਸੱਜਰੀ ਦੁਮੇਲ ਵੱਲ
ਮੈਂ ਕਿਉਂ ਤਕਦਾ ਰਹਿੰਦਾ ਹਾਂ
ਉਡੀਕ ਹੈ ਕਿਸਦੀ
ਜੁਗਾਂ-ਜੁਗਾਂ ਤੋਂ
ਕੌਣ ਹੈ ਉਹ?
ਜਿਸਦੀ ਸਦਾ ਹੀ ਸੱਜਰੀ
ਨਿਰੰਤਰ ਉਡੀਕ ਦੇ ਵਿੱਚ
ਮੈਂ ਨੀਝ ਲਗਾਈ
ਧੁਰੋਂ ਖੜਾ ਹਾਂ

ਆਸਾਂ ਦਾ ਗੁਲਦਸਤਾ ਲੈ ਕੇ
ਯਾਦਾਂ ਭਰੀ ਪਟਾਰੀ ਸਾਂਭੀ
ਸਿਮਰਤੀਆਂ ਦਾ ਬਸਤਾ ਲੈ ਕੇ
ਅਜ਼ਲਾਂ ਤੋਂ
ਇਸ ਇਕੋ ਮੋੜ ਤੇ
ਸਦੀਵੀ ਆਸ ਲਗਾਈ
ਨਾ ਅੱਕਦਾ ਹਾਂ
ਨਾ ਥੱਕਦਾ ਹਾਂ
ਨੀਝਾਂ ਦਾ ਨਜ਼ਰਾਨਾ ਲੈ ਕੇ
ਭੇਂਟ ਕਰਨ ਲਈ।

ਕਦੇ-ਕਦੇ ਦੂਰ ਦਿਸ-ਹੱਦੇ ਤੋਂ
ਆਉਂਦੇ ਕਾਰਵਾਂ
ਆਸ ਦੀ ਲੋਹੀ ਕਿਰਨ
ਲੈ ਕੇ ਆਉਂਦੇ ਰੁਸ਼ਨਾਉਂਦੇ
ਉਸ ਦੀ ਉਡੀਕ ਦੇ ਪਹਿਆਂ ਨੂੰ
ਪਰ ਇੰਝ ਲੱਗਦਾ
ਇਹ ਤਾਂ ਨਕਸ਼ ਨੇ ਜਾਣੇ ਬੁੱਝੇ
ਲੱਖਾਂ ਜੁਗਨੂੰ ਟਿਮਟਮਾਂਦੇ
ਉਡੀਕੇ ਬਣੇ ਮਸਤਕ ਦੇ ਵਿੱਚ।
ਪਰ ਜਿਉਂ-ਜਿਉਂ ਕਾਫ਼ਲਾ
ਨੇੜੇ ਆਉਂਦਾ
ਸਭ ਦੇ ਨਕਸ਼ਾਂ ਦੇ ਵਿੱਚ
ਗੁਆਚ ਜਾਂਦੇ ਨੇ
ਨਕਸ਼ ਓਸ ਦੇ।
ਗੁਜ਼ਰ ਜਾਂਦਾ ਹੈ
ਆਸ ਬੁਝਾ ਕੇ
ਤੇ ਦੂਰ ਕਾਲੇ ਕੂਪ ਵਿੱਚ
ਸਮਾਈ ਜਾਂਦੈ
ਹਰ ਤੁਰਿਆ
ਤੇ ਗੁਜ਼ਰ ਜਾਂਦਾ
ਪਿੰਡ ਤੇ ਬ੍ਰਹਿਮੰਡਾਂ ਦਾ
ਤੁਰਿਆ ਕਾਫ਼ਲਾ।
ਫਿਰ ਪਹਿਲਾਂ ਵਾਂਗ ਹੀ
ਨਵੀਂ ਉਡੀਕ
ਨਵੀਂ ਹੀ ਤੜਪਨ
ਪਰ ਮੈਂ ਕਦੀ ਮਾਯੂਸ ਨਹੀਂ ਹੋਇਆ
ਫਿਰ ਉਸਦੇ ਆਉਣ ਦੀ

ਉਡੀਕ ਦਾ ਆਨੰਦ ਮਾਣਦਾ ਹਾਂ
ਬੜਾ ਹੀ ਸੁੱਖ ਹੈ
ਬੜਾ ਸੰਤੋਖ ਹੈ।
ਇਹ ਕਾਲਾ ਜੋ ਮਹਾਂਕੂਪ ਹੈ
ਨਿਗਲੀ ਜਾਂਦਾ
ਤਾਰੇ ਕਈ ਸਤਾਰੇ
ਤੇ ਅਨੇਕਾਂ ਹੀ ਬ੍ਰਹਿਮੰਡ
ਅਨੰਤ ਹੈ ਇਹ ਪਸਾਰਾ
ਅਨੰਤ ਹੈ ਵਿਸ਼ਵ ਸਾਰਾ
ਅਨੰਤਤਾ ਦੀ ਉਡੀਕ ਵਿੱਚ
ਮੈਂ ਤਾਂ ਅਨੰਤ ਹੋ ਗਿਆ
ਸਾਰੇ ਦਾ ਸਾਰਾ।
ਅਨੰਤਤਾ ਦਾ ਵੀ ਅੰਤ ਹੈ
ਕੇਂਦਰ 'ਚ ਘੁੰਮਦਾ
ਕਾਲਾ ਕੂਪ ਅੰਧਕਾਰਾ
ਪਰ ਮੈਂ ਤਾਂ ਫਿਰ ਵੀ
ਅਨੰਤ ਤੋਂ ਹਾਂ
ਇਸ ਮੋੜ ਤੇ ਸਥਿਰ
ਇੱਕ ਪੱਥਰ ਦਾ ਪੱਥਰ
ਨਾ ਕੋਈ ਹਰਕਤ
ਨਾ ਕੋਈ ਕੰਪਨ
ਇੰਝ ਹੀ ਜੀਵਨ ਮੇਰਾ
ਰਹਿੰਦਾ ਸਦਾ ਸੰਪੰਨ।
ਮੈਂ ਤਾਂ ਅਹਿਲ ਖੜੋਤਾ ਹਾਂ
ਮੇਰਾ ਆਦਿ ਭੀ ਨਹੀਂ
ਤੇ ਅੰਤ ਭੀ ਨਹੀਂ
ਮੈਂ ਸਦੀਵ ਹਾਂ

ਪਰ ਮੈਂ ਹਰਕਤ ਨਹੀਂ ਕਰਦਾ ਹਾਂ
ਲੋਕ ਨੇ ਕਹਿੰਦੇ ਸਾਰੇ
ਕਿ ਮੈਂ ਗਿਆ ਮੁੜ ਹੱਥ ਨਹੀਂ ਆਉਂਦਾ
ਪਰ ਮੈਂ ਕਿਤੇ ਨਹੀਂ ਜਾਂਦਾ
ਕਿਉਂਕਿ ਮੈਂ ਤਾਂ ਅਹਿੱਲ ਹਾਂ
ਬਾਕੀ ਸੱਭ ਕੁੱਝ ਗੁਜ਼ਰ ਰਿਹਾ ਹੈ
ਮੇਰੇ ਸਾਹਵੇਂ ਚਲ ਚਿੱਤਰ ਵਾਂਗ
ਪਰ ਮੈਂ ਤਾਂ ਅਨੰਤ ਤੋਂ ਵੀ ਪਰ੍ਹੇ ਹਾਂ।
ਕਈ ਵਾਰ ਸਿਮਟਿਆ ਪਾਸਾਰਾ
ਫਿਰ ਪਸਰਿਆ ਸਾਰੇ ਦਾ ਸਾਰਾ
ਨਵੇਂ ਦੇਵਤੇ
ਨਵੀਆਂ ਸ਼ਕਤੀਆਂ
ਹੋਂਦ 'ਚ ਨਵੀਆਂ ਆਉਂਦੀਆਂ
ਤੇ ਮੁੱਕ ਜਾਂਦੀਆਂ
ਪਰ ਮੈਂ ਅਨੰਤ ਹਾਂ
ਨਾ ਮੁਕਦਾ ਹਾਂ
ਨਾ ਜੰਮਦਾ ਹਾਂ
ਕਿਉਂਕਿ ਮੇਂ ਸਦਾ ਸਥਿਰ ਹਾਂ
ਮੈਂ ਸਮਾਂ ਹਾਂ.......।

# ਜ਼ਿੰਦਗੀ

ਜ਼ਿੰਦਗੀ ਸੋਚਾਂ ਦਾ ਸਮੁੰਦਰ ਤਾਂ ਨਹੀਂ
ਨਾ ਹੀ ਮਾਰੂਥਲ ਵਿੱਚ
ਬਿਖਰ ਜਾਣ ਵਾਲੇ ਰੇਤ ਕਣਾਂ ਦਾ ਢੇਰ ਹੈ
ਇਹ ਤਾਂ ਅਮਲ ਦੀ ਹਵਾ ਦਾ
ਨਿਰੰਤਰ ਵਹਿਣ ਹੈ।
ਜ਼ਿੰਦਗੀ ਤਾਂ ਕੁੜੱਤਨ ਭਰੇ ਬੋਲ ਵੀ ਨਹੀਂ
ਜ਼ਿੰਦਗੀ ਤਾਂ ਮਿੱਠੀ ਮੁਸਕਾਨ ਹੈ
ਜ਼ਿੰਦਗੀ ਹਨੇਰੀ ਤੁਫ਼ਾਨ ਵੀ ਨਹੀਂ
ਇਹ ਤਾਂ ਸਹਿਜੇ ਰੁਮਕਦੀ ਸਮੀਰ ਹੈ
ਜ਼ਿੰਦਗੀ ਵਾਸ਼ਨਾਵਾਂ ਦੀ ਸੜ੍ਹਾਂਦ ਵੀ ਨਹੀਂ
ਇਹ ਤਾਂ ਸਜਰੇ ਫੁੱਲਾਂ ਦੀ
ਮਿੱਠੀ ਸੁਗੰਧੀ ਵਾਂਗ ਹੈ
ਜ਼ਿੰਦਗੀ ਕਿਸੇ ਠਹਿਰਾ ਦਾ ਨਾਮ ਨਹੀਂ
ਇਹ ਤਾਂ ਨਦੀ 'ਚ ਕਲ ਕਲ ਵਗਦਾ ਨੀਰ ਹੈ
ਇਹ ਮਹੁਰੇ ਦੀ ਕੁੜੱਤਣ ਵੀ ਨਹੀਂ
ਸਗੋਂ ਰਿਸ਼ਤਿਆਂ ਦੀ ਮਿਠਾਸ
ਤੇ ਵਿਸ਼ਵਾਸ ਦਾ ਨਾਮ ਹੈ
ਇਹ ਹਨੇਰੀ ਰਾਤ ਵਿੱਚ
ਜੁਗਨੂੰਆਂ ਦਾ ਝੁੰਡ ਵੀ ਨਹੀਂ
ਇਹ ਤਾਂ ਹਨੇਰੇ ਨੂੰ ਚੀਰ ਕੇ ਨਿਕਲੀ
ਪਹੁ ਫ਼ਟਾਲੇ ਦੀ
ਪਹਿਲੀ ਕਿਰਨ ਹੈ
ਜ਼ਿੰਦਗੀ ਖਰ੍ਹਵੇ ਕੌੜੇ
ਬੋਲਾਂ ਦਾ ਸ਼ੋਰ ਵੀ ਨਹੀਂ
ਜ਼ਿੰਦਗੀ ਤਾਂ ਇੱਕ ਗੀਤ ਹੈ
ਸਾਜ਼ ਹੈ, ਸੰਗੀਤ ਹੈ
ਛੇੜ ਸਾਜ਼ ਦੀਆਂ ਤੰਦਾਂ
ਸੁਰ ਤੇ ਤਾਲ ਦਾ ਸੁਮੇਲ ਪੈਦਾ ਕਰ
ਵੰਡ ਸੁਖਾਵੇਂ ਤੇ ਮਧੂ ਮਤੇ ਪਲ
ਤਾਂ ਕਿ ਪਿਆਰਾਂ ਤੇ ਸਾਂਝਾਂ ਦਾ
ਸਮੁੰਦਰ ਹੋ ਜਾਏ ਜ਼ਿੰਦਗੀ

## ਸ਼ੈਤਾਨ

ਬ੍ਰਹਿਮੰਡ ਦਾ ਜਾਇਆ
ਇਸ ਪਿੰਡ ਨੂੰ ਲੈ ਕੇ
ਇਸ ਪਿੰਡ ਤੇ ਕਿੱਦਾਂ ਆਇਆ

ਮੈਂ
ਅਨੰਤ ਕਹਿਕਸ਼ਾਵਾਂ ਵਿਚਕਾਰ
ਲਟਕਿਆ ਹੋਇਆ ਸਾਂ ਇਕਸਾਰ
ਇੱਕ ਅਸੀਮ ਅਤੀਤ ਸਮੇਟੀ
ਮੇਰਾ ਅਤੀਤ
ਇੱਕ ਲਟਕਣ
ਇੱਕ ਭੁਟਕਣ
ਇੱਕ ਜਕੜਨ
ਇੱਕ ਅਕੜਨ
ਅਤੇ ਨਿਰੰਤਰ ਨਿਰਜਿੰਦਤਾ
ਅਚਨਚੇਤ ਇੱਕ ਵਿਸਫ਼ੋਟ
ਫਿਰ ਮੈਂ ਨਿਰਜਿੰਦਤਾ ਤੋਂ
ਸੰਜੀਵ ਹੋਇਆ
ਭਟਕਣ ਤੇ ਲਟਕਣ ਮੁੱਕੀ
ਮੈਂ ਸੁੱਟ ਦਿੱਤਾ ਗਿਆ
ਇੱਕ ਸਿਤਾਰੇ ਦੀ ਕੁੱਖ ਵਿੱਚ
ਮੈਂ ਉਸ ਸਿਤਾਰੇ ਦਾ ਰੂਪ ਹਾਂ
ਕਕਰੀਲਾ ਤੇ ਠੰਡਾ ਯੱਖ਼
ਹਡ ਭਨਵੀਂ ਸਰਦੀ
ਉਬਲਦਾ ਲਾਵਾ, ਸੂਰਜੀ ਤਪਸ਼
ਤੇ ਲੂੰਹਦੀ ਗਰਮੀ
ਸੱਭ ਮੇਰੇ ਆਪੇ ਦਾ ਹਿੱਸਾ ਬਣੇ
ਫਿਰ ਮੈਂ ਪਨਪਿਆ

ਇੱਕ ਸਿਤਾਰੇ ਦੀ ਕੁੱਖ ਵਿਚੋਂ
ਚਗਿੰਆਈਆਂ, ਬੁਰਿਆਈਆਂ
ਕੁੜੱਤਣਾਂ ਤੇ ਔਗਣਾਂ ਸਮੇਤ
ਮੈਂ ਸਿਤਾਰੇ ਦਾ ਜਾਇਆ
ਹੋਂਦ ਵਿੱਚ ਆਇਆ
ਤੇ ਪੂਰੀ ਦੀ ਪੂਰੀ ਹੋਂਦ ਨੂੰ
ਉਂਗਲਾਂ ਤੇ ਨਚਾਇਆ।
ਨਖ਼ਲਸਤਾਨ ਨੂੰ ਮਾਰੂਥਲ ਬਣਾਇਆ
ਕੋਹਿਆ ਤੇ ਤੜਪਾਇਆ
ਚੰਗੇਜ਼, ਸਿਕੰਦਰ, ਤੈਮੂਰ
ਮਹਿਮੂਦ ਤੇ ਬਾਬਰ ਅਖਵਾਇਆ
'ਏਤੀ ਮਾਰ ਪਈ ਕੁਰਲਾਣੈ
ਤੈਂ ਕੀ ਦਰਦ ਨਾ ਆਇਆ'
ਕਿਸੇ ਸੱਚੇ ਤੇ ਅਣਖੀਲੇ ਪੁਰਸ਼ ਤੋਂ
ਪਤਾ ਨਹੀਂ ਕਿਸ ਨੂੰ
ਇੱਕ ਉਲਾਂਭਾ ਦੁਆਇਆ
ਮੈਂ ਤਾਂ ਇੱਕ ਸ਼ੈਤਾਨ ਹਾਂ
ਪਰ ਮੈਨੂੰ ਕਿਤੇ ਵੀ
ਕੋਈ ਦੇਵਤਾ ਵੀ ਨਜ਼ਰ ਨਾ ਆਇਆ
ਇੱਕ ਦੂਜੇ ਨੂੰ ਖਾਂਦੇ ਲੱਗੇ
ਵੱਡੇ ਛੋਟਿਆਂ ਨੂੰ
ਨਿਗਲੀ ਜਾਂਦੇ ਲੱਗੇ
ਮਹਾਂ ਬਲੀ ਅਖਵਾਉਂਦੇ
ਪਰ ਅਬਲਾਵਾਂ ਤੇ ਜ਼ੁਲਮ ਕਮਾਉਂਦੇ
ਕਿਸੇ ਧੀ, ਭੈਣ ਜਾਂ ਮਾਂ ਨੂੰ
ਭਰੀ ਸਭਾ ਵਿੱਚ ਨਿਰਵਸਤਰ ਕਰਦੇ
ਬੇਸ਼ਰਮੀ ਦਾ ਨਾਚ ਨੱਚਦੇ

ਕੁੱਝ ਨੇ ਨੀਵੀਆਂ ਸੁੱਟੀ
ਇਹ ਧਾੜੇ ਦਾ ਨਾਚ ਦੇਖਦੇ
ਲੁੱਟਦੇ ਵੀ ਤੇ ਕੁੱਟਦੇ ਵੀ
ਆਪਣੇ ਹੀ ਘਰ ਨੂੰ
ਆਪਣੀਆਂ ਹੀ ਸਕੀਆਂ ਸਾਂਝਾਂ ਨੂੰ
ਦੇਸ਼ ਭਗਤੀ ਦੇ ਮੁਕਟ ਰਿਵਾਜੀ
ਦੇਸ਼ ਭਗਤ ਤਾਂ ਸੰਗਲੀ ਬੱਧੇ
ਹਨੇਰੇ ਕੋਠੜੀਆਂ ਦੇ ਵਿੱਚ ਡੱਕੇ
ਬਹੁਤ ਨੇ ਵੇਖੇ
ਝੂਠ ਦੇ ਵਿਉਪਾਰੀ
ਧੋਖੇ ਦਾ ਵਿਉਪਾਰ ਵਣਜਦੇ
ਜੰਤਾ ਦੇ ਸੇਵਕ ਅਖਵਾਉਂਦੇ
ਊਬ ਗਿਆਂ ਹਾਂ ਮੈਂ ਤਾਂ
ਬੜਾ ਗਿਲਾ ਹੈ ਮੈਨੂੰ
ਉਸ ਵਿਸਫੋਟ ਦੇ ਖਾਲਕ ਤੇ
ਜਿਸ ਮੈਨੂੰ ਪਟਕਿਆ
ਇਸ ਸਿਤਾਰੇ ਦੀ ਕੁੱਖ ਵਿੱਚ
ਤੇ ਨਿ-ਘਰਾ ਬਣਾਇਆ
ਤਾਹੀਂਏ ਮੈਂ
ਸ਼ੈਤਾਨ ਅਖਵਾਇਆ।

✵

## ਖ਼ਤ

ਸੱਜਨਾਂ ਦਾ ਖਤ ਆਇਆ
ਸੁਗੰਧੀਆਂ ਭਰਿਆ
ਗੁਲਾਬੀ, ਗੁਲਾਬ ਦੇ ਫੁਲ  ਵਰਗਾ
ਚੁੰਮਿਆ ਤੇ ਹਿੱਕ ਨਾਲ ਲਾਇਆ
ਖੋਲ੍ਹਿਆ ਗ਼ੁਲਾਨਾਰੀ ਲਿਫਾਫਾ
ਚੁਫੇਰੇ ਮਹਿਕਾਂ ਹੀ ਮਹਿਕਾਂ
ਗੁਲਾਬੀ ਗੁਲਾਬ ਦੀਆਂ ਪੱਤੀਆਂ
ਮਹਿਕ ਉੱਠੀਆਂ ਖਿਲਰ ਗਈਆਂ
ਪਿਆਰ ਬਹਾਰਾਂ ਖਿਲਾਰਦਾ
ਅੱਖਰਾਂ ਦੀ ਦ੍ਰਿਸ਼ਟੀ ਤੇ
ਅਪਾਰ ਚਿਤਰ ਬਿਖਰ ਗਏ
ਸਿਮਰਤੀ ਪਟਲ ਤੇ
ਅੱਜ ਤੱਕ ਹਨ ਅੰਕਤ
ਉਮਰਾਂ ਭਰ ਦੇ ਸੁਖਾਵੇ ਪਲ
ਬਾਰ-ਬਾਰ ਪੜ੍ਹਿਆ ਤੇ ਚੁੰਮਿਆ
ਤੇ ਰੱਖਿਆ ਪਲਕਾਂ ਉੱਤੇ
ਤਹਿ ਕੀਤਾ ਤੇ ਟਿਕਾ ਦਿੱਤਾ
ਮਹਿਕਾਂ ਭਰੀ ਸੰਦਲੀ ਪਟਾਰੀ 'ਚ।

**

ਸੱਜਨਾਂ ਦਾ ਖਤ ਆਇਆ
ਇੱਕ ਮੁੱਦਤ ਬਾਅਦ
ਪਹਿਲਾਂ ਵਰਗਾ ਕੁੱਝ ਵੀ ਨਹੀਂ
ਕਲੀ ਦੀ ਨਿੰਮੀ ਖੁਸ਼ਬੋ ਜਿਹਾ
ਤੇ ਨਾ ਹੀ
ਮੌਸਮ ਦੇ ਬਦਲਦੇ ਰੰਗ ਜਿਹਾ।
ਮੇਰੀ ਆਪਣੀ ਜ਼ਿੰਦਗੀ ਵਾਂਗ
ਨਿਰਾ ਗਿਲੇ ਤੇ ਸ਼ਿਕਵਿਆਂ ਦਾ ਪੁਲੰਦਾ

ਪੜ੍ਹਿਆ, ਤਹਿ ਕੀਤਾ
ਸਾਹਮਣੇ ਮੇਜ਼ ਤੇ ਰੱਖ ਦਿੱਤਾ
ਤੇ ਫਿਰ ਇੱਕ ਲੰਬੀ ਉਬਾਸੀ

ਇੰਝ ਜਾਪੇ ਕਈ ਮੁਦਤਾਂ ਹੋਈਆਂ।
ਸਜਨਾ! ਸਾਥੋਂ ਅੱਖੀਆਂ ਢੋਈਆਂ।
ਦੱਸ ਬੇਦਰਦਾ! ਸੱਜਰੇ ਫੁਲੋਂ,
ਵੱਖ ਕਦੀ ਖੁਸ਼ਬੋਆਂ ਹੋਈਆਂ।

## ਚਾਹਤ

ਜ਼ਿੰਦਗੀ ਦਾ ਸਾਗਰ, ਲਹਿਰਾਂ ਦਾ ਬੜਾ ਜ਼ੋਰ
ਹਵਾ ਦੇ ਥਪੇੜੇ, ਤੇ ਤੂਫ਼ਾਨਾਂ ਦਾ ਸ਼ੋਰ
ਜੀਵਨ ਦੀ ਬੇੜੀ, ਡੋਲਦੀ ਤੇ ਲੜਖੜਾਂਦੀ
ਅਨੰਤ ਸਾਗਰ ’ਚ, ਤਰਦੀ ਏ ਜਾਂਦੀ
ਦੂਰ ਅੱਖਾਂ ਦੀ ਪਹੁੰਚ ਤੱਕ, ਦੁੱਖ ਰੂਪ ਪਾਣੀ
ਉਲਝੀ ਪਈ ਏ ਇੱਦਾਂ, ਬੱਸ ਮੇਰੀ ਕਹਾਣੀ
ਤਪਦੇ ਪਾਣੀਆਂ ’ਚੋਂ, ਠੰਡੀ ਹਵਾ ਦਾ ਬੁੱਲਾ
ਦਿਲ ਲੋਚਦਾ ਏ ਜਿਵੇਂ, ਰੂਪ ਰਾਣੀ ਦਾ ਘੁੰਡ ਖੁੱਲ੍ਹਾ
ਦਿਲ ਨੂੰ ਸਰੀਰ ਨੂੰ, ਮਿਲ ਜਾਏ ਸੀਤਲਤਾ
ਸਮਝ ਸਕਦਾਂ ਕਿ, ਜ਼ਿੰਦਗੀ ’ਚ ਮਿਲੀ ਸਫ਼ਲਤਾ
ਹਰ ਪਾਸੇ ਜਾਪਦੀ ਏ, ਪਸਰੀ ਰਾਤ ਕਾਲੀ
ਪਰ ਆਸਾਂ ਦਾ ਦੀਵਾ, ਟਿਮਟਿਮਾਂਦਾ ਏ ਹਾਲੀ
ਦੀਵੇ ਦੀ ਲੋਇ, ਝਾਕਾ ਕਦੀ ਨੁਹਾਰ ਤੇਰੀ ਦਾ
ਵਧਾ ਜਾਂਦਾ ਏ ਸੁੱਖ, ਉਮਰ ਮੇਰੀ ਦਾ
ਲੋਅ ਦੀ ਲਾਲੀ ’ਚ ਨਕਸ਼ ਤੇਰੇ ਟੋਲ ਲੈਨਾਂ
ਤੈਨੂੰ ਸਮਝ ਕੇ ਸਾਹਵੇਂ, ਦਿਲ ਫੋਲ ਲੈਨਾਂ
ਏਦਾਂ ਈ ਦਿਲ ਨੂੰ, ਕੁੱਝ ਧਰਵਾਸ ਮਿਲਦਾ ਏ
ਤੇਰੇ ਇਸ਼ਕ ਦਾ ਕੁੱਝ, ਵਿਸ਼ਵਾਸ ਮਿਲਦਾ ਏ
ਤੂੰ ਨਹੀਂ ਤਾਂ, ਯਾਦ ਤਾਂ ਤੇਰੀ ਕੋਲ ਏ
ਹਵਾ ਦੀਆਂ ਸੀਟੀਆਂ ’ਚ ਸੁਣੀਂਦਾ ਤੇਰਾ ਬੋਲ ਏ
ਸਮੇਂ ਦਾ ਹੇਰ ਫੇਰ, ਤੇ ਘਾਟਨਾਵਾਂ ਦਾ ਰੇਤਾ
ਭਰ ਨਹੀਂ ਸਕਦਾ ਖ਼ਲਾਅ, ਜੋ ਤੈਂ ਦੇਤਾ
ਹਰ ਸਾਹ ਨਾਲ, ਉਠਦਾ ਏ ਇੱਕ ਵਰੋਲਾ
ਦਿਲ ਏ ਮੇਰਾ ਕਿ, ਇੱਕ ਮੱਘਦਾ ਏ ਕੋਇਲਾ
ਭੱਠੀ ਵਾਂਗਰਾਂ ਇਹ ਮੈਨੂੰ ਤਪਾਈ ਜਾਂਦਾ ਏ
ਖਬਰੇ, ਤੇਰੀ ਯਾਦ ਨੂੰ ਪਕਾਈ ਜਾਂਦਾ ਏ
ਭੱਠੀ ਸੁਨਿਆਰ ਦੀ ’ਚ ਜਿਉਂ ਢਲਦਾ ਏ ਸੋਨਾ

ਢਲਕੇ ਈ ਬਣਦਾ ਏ, ਕੋਈ ਸੁੰਦਰ ਗਹਿਣਾ
ਏਦਾਂ ਹੀ ਦਿਲ ਕੋਈ, ਬਣ ਜਾਏ ਗਹਿਣਾ
ਤੇਰੀ ਯਾਦ ਨੇ ਇਸ ਤੇ, ਨਗ ਬਣਕੇ ਰਹਿਣਾ
ਪਰ ਇਸ ਗਹਿਣੇ ਦਾ ਮੁੱਲ, ਕਿਸ ਪਾਣਾ
ਨਾ ਤੈਂ ਈ ਪਾਣਾ, ਨਾ ਮੈਂ ਈ ਹੰਢਾਣਾ
ਤੂੰ ਉਹ ਬੱਤੀ ਜੋ ਜਲੀ, ਧੁਖੀ ਤੇ ਰਾਖ ਬਣੀ
ਮੈਂ ਟਿਮਟਿਮਾਂਦਾ ਦੀਵਾ, ਜ਼ਿੰਦਗੀ 'ਚ ਪਲਖਿਣੀ
ਰੂਹ ਤੇਰੀ ਤੇ ਮੇਰੀ ਦਾ, ਸੁਨਹਿਰਾ ਜਿਹਾ ਪਿਆਰ
ਮਾਣੇਗਾ ਇਸ ਗਹਿਣੇ ਦੀ ਸਦਾ ਹੀ ਬਹਾਰ
ਰੂਹਾਂ ਦਾ ਮੇਲ ਹੋ ਜਾਏ ਇੱਕ ਵਾਰ
ਬਸ ਇਹੀ ਏ ਜ਼ਿੰਦਗੀ ਦਾ ਅਧੂਰਾ ਵਿਚਾਰ
ਅਧੂਰਾ ਨਾ ਰਹੇ ਵਿਚਾਰ, ਚਾਹਤ ਇਹੀ ਏ
ਚਾਹਤ ਨੂੰ ਪੂਰਣਤਾ ਮਿਲੇ, ਰਾਹਤ ਇਹੀ ਤੇ

✵

# ਬੰਦ ਕਰ ਛਾਣਨੀ ਰਾਗ

ਸ਼ਰਮ ਸ਼ੁਰਮ ਸੱਭ ਭੁੱਲੀ ਤੈਨੂੰ
ਰੂਪ ਹੈ ਢੀਠੀ ਧਰਿਆ,
ਜਿਹੜੇ ਕੰਮ ਨੂੰ ਹੱਥ ਤੈਂ ਪਾਇਆ
ਕੁੱਝ ਨਾ ਤੈਥੋਂ ਸਰਿਆ।

ਕੀ ਖੱਟਿਆ ਇਸ ਉਮਰਾਂ ਅੰਦਰ
ਕੀ ਤੈਂ ਭਲਾ ਕਮਾਇਆ,
ਕਿਸਦੇ ਦਰਦ ਦੀ ਮਲ੍ਹਮ ਬਣਿਆ
ਕਿਸ ਦਾ ਦੁੱਖ ਵੰਡਾਇਆ।

ਨਾ ਕੋਈ ਨੇਕੀ ਕੰਮ ਤੈਂ ਕੀਤਾ
ਨਾ ਕੋਈ ਭਲਾ ਕਮਾਇਆ,
ਨਾ ਤੂੰ ਆਇਆ ਕੰਮ ਕਿਸੇ ਦੇ
ਨਾ ਤੈਂ ਭਾਰ ਵੰਡਾਇਆ।

ਕੂੜ ਸਮਝਿਆ ਕੂੜ ਜਾਣਿਆ
ਅੱਖੀਂ ਘੱਟਾ ਪਾਇਆ,
ਰੋੜੀ ਬਣਕੇ ਅੱਖੀਂ ਰੜਕਿਆ
ਕਿਸੇ ਦਾ ਦਿਲ ਦੁਖਾਇਆ।

ਕਿਸੇ ਨੂੰ ਝੂਠੇ ਲਾਰੇ ਲਾ ਕੇ
ਮੁੜ ਕੇ ਪਰਤਿਆ ਨਾਹੀਂ,
ਕਿਸੇ ਨੂੰ ਮਿੱਟੀ ਵਿਚ ਰੁਲਾਕੇ
ਅਜੇ ਵੀ ਜਰਕਿਆ ਨਾਹੀਂ।

ਲੁੱਟ ਅਰਮਾਨ ਕਿਸੇ ਦੇ ਦਿਲ ਦੇ
ਕੀਤਾ ਕੱਖੋਂ ਹੌਲਾ,
ਢਾਹ ਕਿਸੇ ਦੇ ਮਨ ਦਾ ਮੰਦਰ
ਕੀਤਾ ਖੰਡਰ ਖੋਲ਼ਾ।

ਕਿਸੇ ਦੀ ਲੁੱਟੀ ਹੁਸਨ ਬਗੀਚੀ
ਬਣਕੇ ਭੌਰ ਪਤੰਗਾ,
ਵਾਂਗ ਪਤੰਗੇ ਫਿਦਾ ਨਾ ਹੋਇਆ
ਟਲਨਾ ਜਾਣਿਆ ਚੰਗਾ।

ਕਈ ਬਨ੍ਹਾਈਆਂ ਆਸ ਉਮੀਦਾਂ
ਅਰਸ਼ਾਂ ਤੀਕ ਪੁਚਾਈਆਂ,
ਕਈ ਉਸਾਰੇ ਮਹਿਲ ਮੁਨਾਰੇ
ਕੰਧਾਂ ਰੇਤ ਰਲਾਈਆਂ।

ਕਈ ਵਾਰ ਤੂੰ ਉੱਡਦਾ ਉੱਡਦਾ
ਜਾ ਪਹੁੰਚਿਆ ਵਿੱਚ ਅਰਸ਼ੀ,
ਐਪਰ ਤੋੜ ਨਾ ਸਕਿਆ ਤਾਰੇ
ਆ ਢੱਠਾ ਫਿਰ ਫ਼ਰਸ਼ੀਂ।

ਕਈ ਵਾਰ ਤੈਂ ਅੱਡੀਆਂ ਚੁੱਕਕੇ
ਤੱਕਿਆ ਧੁੰਦਾਂ ਵਿਚੋਂ,
ਕੁੱਝ ਵੀ ਤੈਨੂੰ ਨਜ਼ਰ ਨਾ ਆਇਆ
ਝੜ ਮਲ੍ਹਿਆਂ ਦੇ ਝੁੰਡਾਂ ਵਿਚੋਂ।

ਕਈ ਵਾਰ ਤੈਂ ਅੱਖੀਂ ਤੱਕਿਆ
ਚੜ੍ਹਿਆ ਸੋਨ ਸਵੇਰਾ,
ਮਸਤਕ ਤੇਰੇ ਕਿਰਨਾਂ ਪੁੱਜੀਆਂ।
ਪਰ ਰੰਗ ਨਾ ਵਟਿਆ ਤੇਰਾ।

ਖਬਰੇ ਕੀ ਏ ਕਿਸਮਤ ਤੇਰੀ
ਮੁੜ ਮੁੜ ਸ਼ਾਮਾਂ ਪਈਆਂ,
ਮੁੜਕੇ ਕਾਲੀਆਂ ਰਾਤਾਂ ਆ ਕੇ,
ਪਾਸੀਂ ਖਿਲਰ ਗਈਆਂ।

ਕਈ ਵਾਰ ਤੂੰ ਸਾਗਰ ਠਿਲ੍ਹਿਆ
ਕਈ ਵਾਰ ਤੂੰ ਚੱਪੂ ਲਾਏ,
ਮੁੜ ਕੇ ਜਾ ਪਿਆ ਘੁੰਮਨ ਘੇਰੀਂ
ਅਜੇ ਵੀ ਹੋਸ਼ ਨਾ ਆਏ।

ਕਈ ਵਾਰ ਤੈਂ ਚੁੱਭੀਆਂ ਲਾਈਆਂ
ਪਹੁੰਚਿਆ ਜਾ ਪਤਾਲੀਂ,
ਨਾ ਕੋਈ ਮੋਤੀ ਸਿੱਪੀ ਲੱਭੀ
ਮੁੜ ਮੁੜ ਆਇਆ ਖਾਲ਼ੀ।

ਕਈ ਵਾਰ ਤੇਰੀਆਂ ਜੋਤਾਂ ਜਗੀਆਂ
ਕਈ ਵਾਰ ਤੇਰੀ ਚਮਕੀ ਲੋਅ,
ਕਈ ਵਾਰ ਤੇਰੇ ਖਿੜੇ ਬਗੀਚੇ
ਆਈ ਮਿਠ ਭਿੰਨੀ ਖੁਸ਼ਬੋ।

(ਪਰ) ਅਗਲੇ ਭਲਕ ਈ ਸੁੱਕ ਬਗੀਚੀ
ਮਧੱਮ ਪੈ, ਗਈ ਲਾਲੀ,
ਚੜ੍ਹੀ ਅਨ੍ਹੇਰੀ ਝੱਖੜ ਝੁੱਲਿਆ
ਚੜ੍ਹ ਆਈ ਘਟ ਕਾਲੀ।

ਐਸ਼ਾਂ ਈਦ ਮਨਾਵਨ ਖਾਤਰ
ਜ਼ੱਫਰ ਤੈਂ ਕਈ ਜਾਲੇ,
ਪੀਤੀਆਂ ਭਰੀਆਂ ਕਈ ਸੁਰਾਹੀਆਂ
ਭੰਨੇ ਕਈ ਪਿਆਲੇ।

ਕਈ ਉਜਾੜੇ ਮੈ ਖ਼ਾਨੇ ਤੈਂ
ਕਈ ਜਾ ਨਵੇਂ ਵਸਾਏ,
ਸਾਕੀ ਕਈ ਬਨਾਕੇ ਛੱਡੇ
ਕਈ ਜਾ ਹੋਰ ਬਨਾਏ।

ਕਈ ਸਜਾਈਆਂ ਜਾ ਮਹਿਫਲਾਂ
ਨੱਚੇ ਨਾਚ ਰੰਗੀਲੇ,
ਕਈ ਜਗਾਈਆਂ ਜਾ ਸ਼ਮਾਂ
ਭੰਬਟ ਬਣ ਭੜਕੀਲੇ।

ਕਈ ਰਾਗ ਤੂੰ ਨਵੇਂ ਛੇੜਕੇ
ਗਾਏ ਮਸਤ ਤਰਾਨੇ,
ਕਈ ਵਾਰ ਤੂੰ ਤੀਰ ਚਲਾਏ
ਗੁੱਝੇ ਲਾ ਨਿਸ਼ਾਨੇ।

ਬਹੁਤਿਆਂ ਤਾਈਂ ਦੁੱਖ ਪੁਚਾਇਆ
ਕੀਤੇ ਘਾਉ ਘਨੇਰੇ,
ਸਵਰਗੀ ਪੀਂਘ ਝੂਟਾਵਨ ਖਾਤਰ
ਕੀਤੇ ਘਾਣ ਬਥੇਰੇ।

ਦੂਰ ਦੂਰ ਹੋਈ ਦਰ ਦਰ ਰੁਲਿਆ
ਥਾਂ ਥਾਂ ਪਾਣੀ ਪੀਤਾ,
ਐਪਰ ਛੱਡੀ ਹਿੰਡ ਨਾ ਆਪਣੀ
ਜੋ ਮਨ ਆਇਆ ਕੀਤਾ।

ਹੋਈ ਬਦਨਾਮੀ ਦੋਸ਼ੀ ਬਣਿਆ
ਹੋਇਆ ਕੱਖੋਂ ਹੌਲ਼ਾ।
ਛਿਲੜੋਂ ਘਟ ਕੇ ਧੇਲੀ ਰਹਿ ਗਿਆ
ਧੇਲੀਉਂ ਰਹਿ ਧੇਲ਼ਾ।

ਨਾ ਘਰ ਨਾ ਘਾਟ ਤੇ ਲੋੜ
ਬਿਨ ਕੀਮਤ ਹੁਣ ਪਿੰਜਰ ਹੋਇਆ,
ਬੀਜਿਆ ਕੁੱਝ ਵੀ ਉੱਗਣਾ ਨਹੀਂ ?
ਹੁਣ ਤੂੰ ਸਾਰਾ ਬੰਜ਼ਰ ਹੋਇਆ

ਥਾਂ ਥਾਂ ਚੂਹਿਆਂ ਖੁੱਡਾਂ ਪਾਈਆਂ
ਥਾਂ ਥਾਂ ਕਲਰ ਪਾਏ ਦਾਗ,
ਛੱਜ ਬੋਲੇ ਤਾਂ ਬੋਲੇ
ਬੰਦ ਕਰ ਛਾਣਨੀ ਰਾਗ।

## ਜੀਵਨ ਦੇ ਦਿਨ ਚਾਰ

ਜ਼ਿੰਦਗੀ ਦਾ ਏ ਕੀ ਭਰੋਸਾ, ਕੀ ਇਸਦਾ ਇਤਬਾਰ,
ਸੱਜਨਾਂ! ਜੀਵਨ ਦੇ ਦਿਨ ਚਾਰ।

ਬਚਪਨ ਬੀਤਿਆ ਆਈ ਜਵਾਨੀ।
ਇਹ ਵੀ ਜਾ ਰਹੀ ਏ ਮਸਤਾਨੀ
ਸਾਥੀ ਸਾਰੇ ਵਿਛੜ ਗਏ ਨੇ, ਅਪਣੀ ਅਪਣੀ ਕਾਰ।
ਸੱਜਨਾਂ---------।

ਕੁੱਝ ਮੌਜਾਂ ਜੋ ਮਾਣ ਲਈਆਂ ਨੇ।
ਰਾਹਾਂ ਵੀ ਕੁੱਝ ਜਾਣ ਲਈਆਂ ਨੇ।
ਕੁੱਝ ਅੰਕੜੇ ਯਾਦਾਂ ਦੇ ਵੀ, ਸੀਨੇ ਦੇ ਵਿਚਕਾਰ।
ਸੱਜਨਾਂ! ਜੀਵਨ ਦੇ ਦਿਨ ਚਾਰ।

ਭਾਗਾਂ ਦੇ ਦਿਨ ਬੰਨ੍ਹਕੇ ਸਿਹਰੇ।
ਕਿਸੇ ਦੇ ਦਰ ਤੇ ਲਾਏ ਡੇਰੇ।
ਜੀਵਨ ਲਈ ਇੱਕ ਜੀਵਨ ਸਾਥੀ, ਸੁਹਲ ਜਿਹੀ ਮੁਟਿਆਰ।
ਸੱਜਨਾਂ, ਜੀਵਨ---------।

ਸੂਹੇ ਹੱਥ ਉਹ ਮਹਿੰਦੀ ਵਾਲੇ।
ਵਲ ਗਏ ਤੇਰੇ ਜੀਵਨ ਦੁਆਲੇ।
ਸੁੱਖ ਜੀਵਨ ਦੀ ਖੇਡ ਰਚਾਈ , ਦੋ ਜਣਿਆਂ ਦੇ ਪਿਆਰ।
ਸੱਜਨਾਂ,---------।

ਪਿਆਰ ਸਾਗਰ 'ਚੋਂ ਉਠੀਆਂ ਛੱਲਾਂ
ਨੀਲ ਗਗਨ ਦੀਆਂ ਭਰੀਆਂ ਖੁੱਲ੍ਹਾਂ
ਇਹ ਖੁੱਲ੍ਹਾਂ 'ਚੋ ਲੱਭਨਾਂ ਚਾਹੇਂ, ਜ਼ਿੰਦਗੀ ਦਾ ਪਤਵਾਰ।
ਸੱਜਨਾਂ,---------।

ਜੀਵਨ ਨਵਾਂ ਬਨਾਣਾ ਚਾਹੇਂ।
ਗਮ ਨੂੰ ਦੂਰ ਹਟਾਣਾਂ ਚਾਹੇਂ।
ਇੱਕ ਟੋਆ ਇੱਕ ਡੂੰਘੀ ਖਾਈ, ਕਰਨਾ ਚਾਹੇ ਪਾਰ।
ਸੱਜਨਾਂ,---------।

ਜਿੰਦ ਦੁਪਹਿਰਾ ਢਲ ਚਲਿਆ ਏ।
ਰਾਹ ਧੁੱਪਾਂ ਦਾ ਛਾਂ ਮੱਲਿਆ ਏ।
ਆਹ! ਜੀਵਨ ਦਾ ਸੂਰਜ ਡੁਬਨਾਂ, ਪੈ ਜਾਣਾ ਅੰਧਕਾਰ।
ਸੱਜਨਾਂ, ---------।

ਜਿਉਂ ਜਿਉਂ ਚੁੰਨੀ ਰਾਤ ਸੰਵਾਰੇ।
ਟੁੱਟ ਟੁੱਟ ਪੈਂਦੇ ਪਏ ਨੇ ਤਾਰੇ।
ਏਵੇਂ ਇਸ ਦੁਨੀਆਂ ਦੇ ਵਿੱਚੋਂ, ਟੁਟੱਨਾ ਤੈਂ ਇੱਕ ਵਾਰ।
ਸਜਨਾਂ, ---------।

ਅਨ-ਡਿੱਠ ਪਰਦਾ ਕੀ ਕੋਈ ਜਾਣੇ।
ਓਸ ਪਾਰ ਕੀ ਵਰਤਨ ਭਾਣੇ।
ਕੋਈ ਨਾ ਮੁੜਿਆ ਕਿਸੇ ਨਾ ਡਿੱਠਾ, ਅਗਲਾ ਕਾਰ ਵਿਹਾਰ।
ਸੱਜਨਾਂ, ---------।

ਇਸ ਜੀਵਨ ਨੂੰ ਘੱਟੇ ਪਾ ਨਾ।
ਕੁੱਝ ਦਿਨ ਪੱਲੇ ਐਵੇਂ ਗੁਆ ਨਾ।
ਪਿਆਰ ਪਰੁੱਤੀ ਸਜਨੀ ਦੇ ਸੰਗ, ਕੁੱਝ ਪਲ ਖੁਸ਼ੀ ਗੁਜ਼ਾਰ।
ਸੱਜਨਾਂ, ---------।

ਜੀਵਨ ਦੀਪਕ ਰੰਗੀਨ ਜਗਾ ਲੈ।
ਪਿਆਰ ਦਾ ਉਸ ਵਿਚ ਤੇਲ ਚਾ ਪਾ ਲੈ।
ਕੁੱਝ ਪਲ ਜੇ ਇਹ ਚਾਨਣ ਦੇ ਜਾਏ, ਦੂਰ ਰਹੇ ਅੰਧਕਾਰ।
ਸੱਜਨਾਂ, ---------।

ਰਹਿੰਦਾ ਜੀਵਨ ਹੱਸ ਲੰਘਾ ਦੇ।
ਗਮੀਆਂ ਹਾਉਕੇ ਦੂਰ ਹਟਾ ਦੇ।
ਨੀਯਤ ਏ ਦਿਨ ਤੇਰੇ ਲਈ, ਜਦ ਕਾਲ ਨੇ ਕਰਨਾ ਤਾਰ।
ਸੱਜਨਾਂ,---------।

ਜੀਵਨ ਪੈਂਡਾ ਮੁੱਕਦਾ ਜਾਂਦਾ।
ਤੇਲ ਬੱਤੀ ਦਾ ਸੁੱਕਦਾ ਜਾਂਦਾ।
ਆਇਆ ਬੁੱਲਾ ਇਸ ਬੁੱਝ ਜਾਣਾ, ਮੌਤ ਦਾ ਪਹਿਰੇਦਾਰ।
ਸੱਜਨਾਂ, ਜੀਵਨ ਦੇ ਦਿਨ ਚਾਰ।
ਜ਼ਿੰਦਗੀ ਦਾ ਏ ਕੀ ਭਰੋਸਾ, ਕੀ ਇਸਦਾ ਇਤਬਾਰ।

✵

## ਇੱਕ ਆਹ

ਚੁੱਕ ਕਿਤਾਬਾਂ ਅੱਜ ਮੈਂ, ਘਰ ਤੋਂ ਨਿਕਲਿਆ ਬਾਹਰ,
ਹੌਲੀ ਹੌਲੀ ਕਦਮਾਂ ਚੁਕਦਾ, ਹੋਇਆ ਪਿਡੋਂ ਬਾਹਰ।
ਸੋਚਾਂ ਕਈ ਦੁੜਾਂਵਦਾ, ਦਿਲ ਵਿੱਚ ਕਈ ਖਿਆਲ,
ਫ਼ਸਲਾਂ ਲਹਿਲਹਾਂਦੀਆਂ, ਪੱਕ ਕੇ ਹੋਈਆਂ ਲਾਲ।
ਫੜ ਕਾਮੇ ਕਈ ਦਾਤੀਆਂ, ਕੱਠਾ ਕਰਦੇ ਲਾਣ,
ਗਿੱਠ ਗਿੱਠ ਚੜੀਆਂ ਲਾਲੀਆਂ, ਦਾਤੀ ਖ਼ੂਬ ਚਲਾਨ।
ਖੜ੍ਹਕੇ ਗੱਲਾਂ ਕੀਤੀਆਂ, ਇੱਕ ਦੋ ਵੀਰਾਂ ਨਾਲ,
ਕਿੰਨੀ ਕੁ ਵਾਢੀ ਵੱਢ ਲਈ, ਕੀ ਏ ਤੁਹਾਡਾ ਹਾਲ।
ਹੌਲੇ ਹੌਲੇ ਚਲਕੇ, ਲੰਘਿਆ ਕਦਮ ਪੰਜਾਹ,
ਆਉਂਦੀਆਂ ਤਿੰਨ ਜ਼ਨਾਨੀਆਂ, ਪਈਆਂ ਮੇਰੀ ਨਿਗਾਹ।
ਅੱਗੇ ਸਨ ਦੋ ਅੱਧ-ਖੜ, ਪਿਛੇ ਇਕ ਮੁਟਿਆਰ,
ਰੰਗ ਗੁਲਾਬੀ ਲੋਹੜੇ ਦਾ, ਆਇਆ ਹੁਸਨ ਖ਼ੁਮਾਰ।
ਮੁਖ਼ੜਾ ਵਾਂਗ ਮਤਾਬ ਦੇ, ਡੁੱਲ ਡੁੱਲ ਪੈਂਦੇ ਨੈਣ,
ਚੜ੍ਹੀ ਜਵਾਨੀ ਹਨੇਰੀਆਂ, ਜ਼ੁਲਫਾਂ ਘੱਤੀ ਰੈਣ।
ਕਾਂਟੇ ਰਗੜਾਂ ਖਾਂਵਦੇ, ਗੋਰੀਆਂ ਗੱਲ੍ਹਾਂ ਨਾਲ,
ਵਾਟਾਂ ਆਈ ਮਾਰ ਕੇ, ਜਾਪੇ ਜ਼ਰਾ ਨਿਢਾਲ।
ਪਰ ਆਹ ਕੀ ਲੋਹੜਾ ਵੱਜਿਆ, ਪਈ ਜਾ ਮੇਰੀ ਨਿਗਾਹ,
ਅਵੱਲੀ ਇਸਦੀ ਤੋਰ ਕਿਉਂ, ਤੁਰੇ ਹੁਲਾਰਾ ਖਾ।
ਕੰਡਾ ਕੋਈ ਵੱਜਿਆ, ਜਾਂ ਜੁੱਤੀ ਵੱਢਿਆ ਪੈਰ,
ਅੱਡੀ ਉੱਚੀ ਰੱਖਦੀ, ਧਰਦੀ ਖੱਬਾ ਪੈਰ।
ਪਰ ਤੱਕਿਆ ਜਦ ਮੈਂ ਪੈਰ ਵਲ, ਸੀਨਿਉਂ ਉਠੀ ਆਹ,
ਇਹ ਕੀ ਕੀਤਾ ਰੱਬ ਤੈਂ, ਕੀਤਾ ਕੀ ਅਨਿਆਂ।
ਸੱਭ ਕੁੱਝ ਹੱਥੀਂ ਘੜ ਕੇ, ਇਹ ਕਿਉਂ ਪਾਈ ਬੱਜ,
ਪੁੱਛੀਏ ਤੈਨੂੰ ਪਕੜ ਕੇ, ਦਸ ਕੀ ਲਾਵੇਂ ਪੱਜ।
ਘੜਨ ਲੱਗੇ ਨੇ ਤੈਂ ਜਾਂ, ਪੀਤੀ ਹੋਸੀ ਭੰਗ,
ਨਸ਼ੇ 'ਚ ਥਿੜਕਿਆ ਹੱਥ ਆ, ਵਿੰਗਾ ਵਗਿਆ ਸੰਦ।
ਜਾਂ ਬੀਮਾਰੀ ਦਮੇ ਦੀ, ਦੌਰਾ ਪੈ ਗਿਆ ਆਨ,

ਛਿੜੀ ਖੰਘ ਜਾਂ ਲੋਹੜੇ ਦੀ, ਲੱਗਾ ਕੰਮ ਮੁਕਾਨ।
ਆ ਪਿਆ ਹੋਸੀ ਜਾਂ ਕੋਈ, ਫੇਰ ਜ਼ਰੂਰੀ ਕੰਮ,
ਛੇਤੀ ਕੰਮ ਮੁਕਾਉਣ ਲਈ, ਬੈਠਾ ਕਰ ਘੜੰਮ।
ਜਾਂ ਫਿਰ ਕੁੱਟਿਆ ਹੋਵ ਸੀ, ਵਹੁਟੀ ਕੋਈ ਜੁਆਕ,
ਗੁੱਸਾ ਕੱਢਿਆਂ ਬੁੱਤ ਤੇ, ਲਾਈ ਕੁਥਾਂਵੇ ਠਾਕ।
ਜਾਂ ਫਿਰ ਸੋਚਾਂ ਸੋਚਕੇ, ਇਹ ਬਨਾਇਆ ਪੱਜ,
ਨਜ਼ਰ ਨਾ ਲੱਗੇ ਹੁਸਨ ਨੂੰ, ਤਾਈਓਂ ਪਾਈ ਬੱਜ।
ਜਾਂ ਫਿਰ ਆਈ ਖਿੱਝ, ਪਈ ਈਰਖਾ ਜਾਗ,
ਤੈਥੋਂ ਸੋਹਣਾ ਚਾਨਣਾ, ਕੀਤਾ ਇਸ ਚਰਾਗ।
ਸੱਚ ਦੱਸੀਂ ਤੂੰ ਬੋਲਕੇ, ਕੀ ਪੈ ਗਈ ਤੈਨੂੰ ਤੋਟ,
ਸੋਨਾ ਪੂਰਾ ਤੋਲ ਕੇ, ਕਿਉਂ ਮਿਲਾਈ ਖੋਟ।
ਕੀਤਾ ਇਸ ਕਸੂਰ ਕੀ, ਜੋ ਦਿੱਤੀ ਇਹ ਸਜ਼ਾ,
ਘੜਕੇ ਪਰੀ ਸਰੂਪ ਕਿਉਂ, ਕੋਝ ਦਿੱਤੀ ਇੱਕ ਪਾ।
ਧਾਰਕੇ ਬਦੀ ਤੈਂ ਦਿਲ ਵਿਚ, ਕੀਤਾ ਨਹੀਂ ਇਨਸਾਫ,
ਕਵੀ, ਲਿਖਾਰੀ, ਚਿਤ੍ਰਕਾਰ, ਨਹੀਂ ਕਰਨਗੇ ਤੈਨੂੰ ਮੁਆਫ।

✱

## ਵਹਿ ਵਹਿ ਵੇ ਝਨਾਂ ਦੇ ਪਾਣੀਆਂ

ਤੂੰ ਅਜ਼ਲਾਂ ਤੋਂ ਈ ਵਹਿੰਦਾ ਆਉਨੈ,
ਕਈ ਤਜ ਕੇ ਜੰਡ ਕਰੀਰ।
ਕਈ ਪੱਥਰਾਂ ਦੇ ਸੀਨੇ ਪਾੜਕੇ।
ਕਈ ਲੰਘ ਜ਼ਖੀਰੇ ਬੀੜ।
ਲੰਘ ਆਵੇਂ ਕਈ ਵਾਦੀਆਂ।
ਤੇ ਚਲਦਾ ਵਾਂਗ ਸੁਦੈਣ।
ਵਹਿ ਵਹਿ ਵੇ ਝਨਾਂ ਦਿਆ ਪਾਣੀਆਂ,
ਤੂੰ ਵਹੀ ਜਾ ਅਪਣੇ ਵਹਿਣ।

ਤੇਰੇ ਚੌੜੇ ਨਿਰਮਲ ਸੀਨੇ ਤੇ,
ਕਦੀ ਖੇਡੀ ਸੋਹਣੀ ਹੂਰ।
ਤੇਰੇ ਬੁੱਲ੍ਹ ਚੁੰਮੇ ਮਹੀਂਵਾਲ ਨੇ,
ਤੈਂ ਦਿੱਤਾ ਇਸ਼ਕ ਸਰੂਰ।
ਤੇਰੇ ਕੰਢੇ ਵਿੱਛੜੇ ਮਿਲਦੇ,
ਤੇ ਫੇਰ ਵਿਛੋੜੇ ਪੈਣ।
ਵਹਿ ਵਹਿ...........।

ਕਈ ਆਸ਼ਕ ਸੁੱਤੇ ਗੋਦ ਵਿੱਚ,
ਅਜੇ ਪਰਤੇ ਨਾਹੀਂ ਉਹ।
ਕਈ ਜੇਠ ਹਾੜ੍ਹ ਵੀ ਲੰਘ ਗਏ,
ਕਈ ਲੰਘੇ ਮਾਘ ਤੇ ਪੋਹ।
ਜੋ ਸੌਂ ਜਾਂਦਾ ਤੇਰੀ ਹਿੱਕ ਤੇ,
ਨਾ ਦਿੰਦਾ ਪਾਸਾ ਲੈਣ।
ਵਹਿ ਵਹਿ...........।

ਤੈਥੋਂ ਭਰ ਕੇ ਘੁੱਟ ਪ੍ਰੇਮ ਦੀ,
ਕਈ ਅੱਲ੍ਹੜ ਪੰਜਾਬੀ ਜੁਆਨ।
ਉਹ ਕਰਨ ਮਖੌਲਾਂ ਮੌਤ ਨੂੰ।

ਲੈਂਦੇ ਮਿਰਜ਼ੇ ਖਿੱਚ ਕਮਾਨ।
ਕਈ ਹੱਸ ਹੱਸ ਚੁੰਮੇ ਤੰਦੀਆਂ,
ਜੈ ਮਾਤ ਭੂਮੀ ਦੀ ਕਹਿਣ।
ਵਹਿ ਵਹਿ ...........।

ਅੱਜ ਬਦਲੀ ਤੇਰੀ ਤਾਸੀਰ ਕਿਉਂ,
ਕਿਉਂ ਬਦਲੀ ਤੇਰੀ ਚਾਲ।
ਕੱਲ੍ਹ ਵੀਰ ਵੀਰ ਦਾ ਦਾਰੂ ਸੀ,
ਅੱਜ ਵੀਰ ਵੀਰ ਦਾ ਕਾਲ।
ਕਲ੍ਹ ਜੱਫੀਆਂ ਪਾ-ਪਾ ਖੇਡਦੇ,
ਅੱਜ ਮਾਰੋ ਮਾਰੋ ਕਹਿਣ।
ਵਹਿ ਵਹਿ ...........।

ਅੱਜ ਕਰ ਖਾਲੀ ਕਈ ਗੋਦੀਆਂ,
ਤੇ ਲੁੱਟੇ ਕਈ ਸੁਹਾਗ।
ਤੇਰੇ ਨਿਰਮਲ ਸੀਨੇ ਸਾਫ ਤੇ,
ਅੱਜ ਲੱਖਾਂ ਪਾਏ ਦਾਗ।
ਕਈ ਵੀਰ ਭੈਣਾਂ ਤੋਂ ਵਿਛੜੇ,
ਪਏ ਘਰ ਘਰ ਪੈਂਦੇ ਵੈਣ।
ਵਹਿ ਵਹਿ ...........।

ਅੱਜ ਰੰਗ ਵੀ ਤੇਰਾ ਵਟਿਆ,
ਨੀਲਿਉਂ ਹੋਇਆ ਲਾਲ।
ਤੇਰੀ ਵਹਿੰਦੀ ਚੌੜੀ ਹਿੱਕ ਤੇ,
ਅੱਜ ਹੋਲੀ ਖੇਡੀ ਕਾਲ।
ਤੂੰ ਸੱਭ ਕੁੱਝ ਅੱਖੀਂ ਤੱਕ ਕੇ।
ਕਿਉਂ ਬੰਦ ਚਾ ਕੀਤੇ ਨੈਣ।
ਤੇ ਵਹਿੰਦਾ ਝਨਾਂ ਦਿਆ ਪਾਣੀਆਂ,
ਤੂੰ ਵਹੀ ਗਿਆ ਅਪਣੇ ਵਹਿਣ।

ਪਰ ਆਦਤ ਤੇਰੀ ਮੁੱਢ ਤੋਂ,
ਰੋਕੇ ਤੈਨੂੰ ਕੌਣ।
ਵਹੀ ਜਾਣਾ ਬੱਸ ਕੰਮ ਹੈ ਤੇਰਾ,
ਨਹੀਂ ਰੋੜਾ ਅਟਕਾਉਣ।
ਤੇਰਾ ਕੰਮ ਤੂਫ਼ਾਨਾਂ ਝਾਗਨਾ,
ਤੇ ਮੁੜ ਮੁੜ ਕਰਨਾ ਸਹਿਣ।
ਵਹਿ ਵਹਿ ਵੇ ਝਨਾਂ ਦਿਆ ਪਾਣੀਆਂ,
ਤੂੰ ਵਹੀ ਜਾ ਅਪਣੇ ਵਹਿਣ।

✵

## ਭੰਗਣ ਕੁੜੀ

ਇੱਕ ਤੱਕੀ ਅੱਜ ਮੁਟਿਆਰ ਸੀ
ਉਹਦੇ ਨੈਣਾਂ ਵਿਚ ਖੁਮਾਰ ਸੀ
ਵਿੱਚ ਲਾਲ ਗੋਦੜੀ ਦਗਦਾ ਸੀ
ਮਾਸੂਮ ਜਿਹਾ ਦਿਲ ਲਗਦਾ ਸੀ
ਉਸ ਪਾਇਆ ਸੀ ਬੁੱਕ ਲੀਰਾਂ ਦਾ
ਹੋਇਆ ਸੀ ਹਾਲ ਫਕੀਰਾਂ ਦਾ
ਗਰੀਬੀ ਦੇ ਧੁੰਦਲੇ ਪਰਛਾਵਿਆਂ 'ਚੋਂ
ਪ੍ਰਵੇਸ਼ ਉਸਦਾ ਹੋਇਆ ਸੀ
ਕਿਸਮਤ ਨੇ ਪੈਰਾਂ ਹੇਠ ਲਿਤਾੜੀ
ਤਕਦੀਰ ਨੇ ਉਸਨੂੰ ਕੋਹਿਆ ਸੀ
ਅੱਧ ਖਿੜੀ ਮਾਸੂਮ ਕਲੀ ਉਹ
ਕਿਸ ਟਹਿਣੀਉਂ ਉਸ ਨੂੰ ਤੋੜ ਦਿੱਤਾ
ਅੱਧ ਖੁੱਲ੍ਹੀ ਅੱਧ ਮੀਟੀ ਤਾਈਂ
ਕਿਸ ਜ਼ਾਲਮ ਆਣ ਝੰਜੋੜ ਦਿਤਾ
ਪੀਲਾ ਰੰਗ ਪੰਖੜੀ ਦਾ ਜਿਉਂ
ਤ੍ਰੇਲ ਬਿਨਾਂ ਹੋ ਜਾਂਦਾ ਏ
ਮਾਸੂਮ ਜਹੀ ਉਸ ਜਿੰਦੜੀ ਦਾ
ਮੂੰਹ ਪਲ ਪਲ ਬਦਲਦਾ ਜਾਂਦਾ ਏ
ਲਿੱਟਾਂ ਸੀ ਕੁੱਝ ਪਲਮ ਰਹੀਆਂ
ਪੀਲੀਆਂ ਜਹੀਆਂ ਗੱਲ੍ਹਾਂ ਉਤੋਂ ਦੀ
ਪਾਟੀ ਜਿਹੀ ਚੁੰਨੀ ਸਿਰ ਤੇ ਸੀ
ਉਲਝੀਆਂ ਵੀਆਂ ਜ਼ੁਲਫ਼ਾਂ ਉਤੋਂ ਦੀ
ਪਿੱਤਲ ਦੀ ਕੋਕੀ ਨੱਕ ਵਿੱਚ ਸੀ
ਉਂਗਲ ਵਿਚ ਇੱਕ ਛਾਪ ਜਹੀ
ਅੱਖਾਂ ਵਿਚ ਸ਼ਬਨਮ ਡਲ੍ਹਕ ਰਹੀ
ਇੱਕ ਦਰਦ ਖਾਮੋਸ਼ੀ ਅਲਾਪ ਰਹੀ
ਕੁੱਝ ਆਹਾਂ ਠੰਡੀਆਂ ਸੀਤਲ ਸੀ

ਸੀ ਹੋ ਰਹੀ ਵਾਛੜ ਦਰਦਾਂ ਦੀ
ਮੁਜਰਮ ਜਹੀ ਬਣਕੇ ਖੜ੍ਹੀ ਸੀ
ਜਿਉਂ ਬੱਧੀ ਜ਼ੁਰਮਾਂ ਫ਼ਰਦਾਂ ਦੀ
ਇੱਕ ਤੂਫ਼ਾਨ ਜਿਹਾ ਸੀ ਉਮਡ ਰਿਹਾ
ਉਹਦੇ ਹਾਵਿਆਂ ਤੇ ਹਟਕੋਰਿਆਂ ਵਿੱਚ
ਹੰਝੂਆਂ ਦੇ ਅਥਾਹ ਸਮੁੰਦਰਾਂ ਵਿੱਚ
ਕੰਵਲ ਜਿਹੇ ਨੈਣ ਕਟੋਰਿਆਂ ਵਿੱਚ।

✵

## ਝੂਠੇ ਕੌਲ ਕਰਾਰ

ਅੱਜ ਕੱਲ੍ਹ ਦਾ ਪਿਆਰ ਬੇਲੀਆ,
ਝੂਠੇ ਕੌਲ ਕਰਾਰ।

ਹੁਣ ਨਹੀਂ ਕੋਈ ਹੀਰ ਸਲੇਟੀ,
ਹੁਣ ਨਹੀਂ ਕੋਈ ਧੀਦੋ ਰਾਂਝਾ।
ਹੈ ਨਹੀਂ ਕੋਈ ਸੋਹਣੀ ਜਿਹੀ,
ਹੁਣ ਨਹੀਂ ਕੋਈ ਪੱਟ ਪੜਵਾਂਦਾ।
ਕੋਈ ਨਾ ਸੜਦਾ ਵਿੱਚ ਥਲਾਂ ਦੇ,
ਕੋਈ ਨਾ ਕਰੇ ਝਨਾਂ ਨੂੰ ਪਾਰ
ਅੱਜ ਕੱਲ੍ਹ ਦਾ ..........।

(ਹੁਣ) ਨਹੀਂ ਕੋਈ ਤਖ਼ਤ ਹਜ਼ਾਰੇ ਛੱਡਦਾ,
ਕੋਈ ਨਾ ਮੱਝੀਆਂ ਚਾਰੇ।
ਹੀਰ ਨਹੀਂ ਕੋਈ ਚੂਰੀ ਲਿਆਉਂਦੀ,
ਕੋਈ ਨਾ ਬਹਿੰਦਾ ਝਨਾਂ ਕਿਨਾਰੇ।
ਮਨਸੂਰ ਕੋਈ ਨਾ ਸੂਲੀ ਚੜ੍ਹਦਾ,
ਝੂਠੇ ਸੱਭ ਨੇ ਕੌਲ ਕਰਾਰ।
ਅੱਜ ਕੱਲ੍ਹ ਦਾ ..........।

ਬੇਲਿਆਂ ਦੀ ਥਾਂ ਹੋਟਲ ਬਣ ਗਏ,
ਰੇਤ ਥਲਾਂ ਥੀਂ ਸਿਨਮੇਂ।
ਮੱਝੀਆਂ ਦੀ ਥਾਂ ਸਾਈਕਲ ਹਿੱਕਨ
ਚੂਰੀਆਂ ਦੀ ਥਾਂ ਆਈਸ ਕਰੀਮੇਂ।
ਲਾਰੇ ਲੱਪੇ ਪਿਆਰ ਅੱਜ ਦਾ,
ਕੋਈ ਨਾ ਕਰਦਾ ਜਾਨ ਨਿਸਾਰ।
ਅੱਜ ਕੱਲ੍ਹ ..........।

ਪਿਆਰ ਨੇ ਹੁਣ ਦੇ ਕੱਚੇ ਧਾਗੇ,
ਬਿੰਦ ਨੂੰ ਟੁੱਟਦੇ ਬਿੰਦ ਨੂੰ ਪੈਂਦੇ।
ਨਹੀਂ ਕੋਈ ਲਾਕੇ ਤੋੜ ਨਿਭਾਂਦਾ,
ਵੱਖਰੇ ਵੱਖਰੇ ਸੁਆਦ ਨੇ ਲੈਂਦੇ।
ਇੱਕ ਛੱਡਿਆ ਦੂਜਾ ਲੱਭਿਆ,
ਪੈਸੇ ਦੇ ਨੇ ਸੱਭ ਵਿਹਾਰ।
ਅੱਜ ਕੱਲ੍ਹ ..........।

ਬੀਜ ਇਸ਼ਕ ਦਾ ਬੀਜ ਨਾ ਜਾਨਣ,
ਐਂਖੜ ਨੇ ਸਭ ਹਾਲੀ।
ਉੱਤੋਂ ਉੱਤੋਂ ਪਿਆਰ ਜਤਾਂਦੇ,
ਦਿਲ ਦੇ ਅੰਦਰ ਕਾਲਖ ਪਾਲੀ।
ਭੱਜ ਜਾਂਦੇ ਨੇ ਛੱਡ ਕੇ ਬੇੜੀ,
ਜੱਦ ਪੈਣ ਲੱਗੇ ਮੰਝਧਾਰ।
ਅੱਜ ਕੱਲ੍ਹ ..........।

ਨਾ ਕੋਈ ਪਿਆਰ ਨੂੰ ਤੋੜ ਚੜ੍ਹਾਂਦਾ,
ਨਾ ਕੋਈ ਆਪਾ ਵਾਰ ਵਿਖਾਂਦਾ,
ਲੁੱਟ ਪੁੱਟ ਕੇ ਹੁਸਨ ਬਗੀਚੀ,
ਰਾਹ ਅਗਲੇ ਪੈ ਜਾਂਦਾ।
ਨਾ ਕੋਈ ਕਿਸੇ ਦਾ ਦੁੱਖ ਵੰਡਾਂਦਾ,
ਨਾ ਕੋਈ ਚੁੱਕਦਾ ਭਾਰ।
ਅੱਜ ਕੱਲ੍ਹ ..........।

ਇਹੋ ਹੀ ਬਸ ਪਿਆਰ ਅੱਜ ਦਾ,
ਦੋ ਦਿਹਾੜੇ ਦਿਲ ਪਰਚਾਨਾ।
ਇਹੋ ਹੀ ਬਸ ਵਫ਼ਾ ਅੱਜ ਦੀ,
ਚੂਸ ਰਸਾ ਤੇ ਫਿਰ ਉਡ ਜਾਣਾ।
ਫ਼ਸਲੀ ਬਟੇਰੇ ਝੱਟ ਉੱਡ ਜਾਂਦੇ,
ਕਰਕੇ ਕੌਲ ਕਰਾਰ।
ਅੱਜ ਕੱਲ੍ਹ ..........।

ਧਨ ਦੀ ਬੁਰਕੀ ਸੁੱਟ ਕੇ ਅੱਗੇ,
ਜਿਸ ਨੂੰ ਚਾਹੋ ਆਪਣਾ ਬਣਾ ਲਉ।
ਖੁਆ ਪਿਆ ਕੇ ਖੂਬ ਰਜਾਕੇ,
ਜਿਸ ਨਾਲ ਚਾਹੋ ਪਿਆਰ ਚਾ ਪਾ ਲਉ।
ਪੈਸੇ ਨੂੰ ਸਭ ਕਰਦੇ ਪਿਆਰ,
ਪੈਸਾ ਹੀ ਇਤਬਾਰ।
ਅੱਜ ਕੱਲ੍ਹ ਦਾ ਪਿਆਰ, ਬੇਲੀਆ।
ਝੂਠੇ ਕੌਲ ਕਰਾਰ।

✲

## ਗੀਤ

ਤੇਰੇ ਮੇਰੇ ਪਿਆਰ ਦੀਆਂ, ਅੱਜ ਸਾਂਝਾਂ ਹੋਈਆਂ ਦੂਰ।
ਵਿੱਥਾਂ ਨੇ ਅਨ-ਮਾਪੀਆਂ,
ਆਹਾਂ ਬਣੀ ਜ਼ਰੀਬ।
ਲੱਖਾਂ ਕੜੀਆਂ ਜੋੜੀਆਂ,
ਪਹੁੰਚੀ ਨਹੀਂ ਕਰੀਬ।
ਕਾਲੇ ਬੱਦਲਾਂ ਘੇਰਾ ਪਾਇਆ, ਚੰਨ ਬੱਦਲਾਂ ਤੋਂ ਦੂਰ।
ਤੇਰੇ ਮੇਰੇ ....................।

ਇਸ਼ਕ ਮੇਰੇ ਤੇ ਅਜੇ ਜਵਾਨੀ,
ਜਵਾਨੀ ਦਾ ਰੰਗ ਭੂਕ।
ਰਾਤਾਂ ਨੇ ਸੁੱਤ-ਜਾਗੀਆਂ,
ਦੁਨੀਆਂ ਸੁੱਤੀ ਘੂਕ।
ਜਾਂ ਤਾਰੇ ਨੇ ਜਾਗਦੇ, ਜਾਂ ਸੱਧਰਾਂ ਦੇ ਪੂਰ।
ਤੇਰੇ ਮੇਰੇ ....................।

ਮਣਕੇ ਨੇ ਜਿਉਂ ਮਾਲਾ ਦੇ,
ਯਾਦਾਂ ਮੁੜ ਮੁੜ ਆਣ।
ਤੰਦਾਂ ਪੈਣ ਗਲੋਟੜੇ,
ਤੇ ਟੁੱਟ ਦਮਕੜੇ ਜਾਣ।
ਤੱਕਲਾ ਵਿੰਗਾ ਹੋ ਗਿਆ, ਚਰਖੀ ਹੋ ਗਈ ਚੂਰ।
ਤੇਰੇ ਮੇਰੇ ....................।

ਤਵੇ ਦੀ ਪੁੱਠੀ ਕਾਲਖ ਵਾਂਗੂ,
ਜ਼ਿੰਦਗੀ ਮੇਰੀ ਸ਼ਾਹ ਹਨੇਰਾ।
ਬੁਕਲੇ ਚਿਣਗ ਪਿਆਰ ਦੀ,
ਛੋਹਿਆ ਪੰਧ ਲੰਮੇਰਾ।
ਜਿਉਂ ਜਿਉਂ ਨੇੜੇ ਆਵਾਂ, ਮੰਜ਼ਲ ਹੋ ਜਾਏ ਦੂਰ।
ਤੇਰੇ ਮੇਰੇ ....................।

ਝੜ ਗਈਆਂ ਨੇ ਸਭੇ ਆਸਾਂ,
ਜਿਉਂ ਬੇਰੀ ਦੇ ਬੇਰ।
ਮੇਰੀਆਂ ਭੁੱਖਾਂ ਆਕੜ ਭੰਨੀ,
ਖ਼ਾਲੀ ਦਿਨੀ ਚੰਗੇਰ
ਕੀਤੇ ਰਹਿ ਗਏ ਇਸ਼ਕ ਦੇ ਪੇੜੇ, ਤਪਦਾ ਰਿਹਾ ਤੰਦੂਰ।
ਤੇਰੇ ਮੇਰੇ ....................।

ਨੈਣ ਤੇਰੇ ਰਹੇ ਲੁੱਛਦੇ,
ਮੇਰੀਆਂ ਅੱਖਾਂ ਵਾਂਗ।
ਰੂਪ ਤੇਰੇ ਦੀ ਚਾਨਣੀ,
ਬਲਦੇ ਦੀਵੇ ਵਾਂਗ।
ਘਟਨਾਵਾਂ ਦੀ ਕਾਂਗ ਜੋ ਆਈ, ਗਈ ਬੁਝਾ ਕੇ ਦੂਰ।
ਤੇਰੇ ਮੇਰੇ ....................।

ਸਮੇਂ ਦੇ ਖੇਤਰ ਰੂਪ ਤੇ,
ਪਲ ਪਲ ਪਏ ਸਿਆੜ।
ਸਿਆੜ ਸਿਆੜ ਤੇ ਠੋਹਕਰ।
ਕਦਮ ਕਦਮ ਤੇ ਆੜ
ਸਿਆੜ ਤੇ ਆੜਾਂ ਟੱਪੀਆਂ, ਹਿੰਮਤ ਦਾ ਲੱਕ ਚੂਰ।
ਤੇਰੇ ਮੇਰੇ ....................।

ਢਲ ਮੋਈਆਂ ਨੇ ਕਈ ਸਵੇਰਾਂ,
ਮੋਈ ਜੀਵਨ ਸੂਹ।
ਕਦਮਾਂ ਪੁੱਟੀਆਂ ਵਲ ਹਨੇਰੇ,
ਢਹਿ ਪਿਆ ਮੂਧੇ ਮੂੰਹ,
ਫੁਟਦੇ ਖੰਭੀ ਉਡਣੇ ਪੰਛੀ, ਲਾਈ ਉਡਾਰੀ ਦੂਰ।
ਤੇਰੇ ਮੇਰੇ ....................।

ਰੇਤ ਥਲਾਂ ਦੇ ਅੰਦਰ ਜਿੱਦਾਂ,
ਹੈ ਕੋਈ ਰੁੱਖ ਨਿਮਾਣਾ।
ਏਵੇਂ ਹੀ ਮੈਂ ਬੇਲੋੜਾ ਜਿਹਾ,
ਦੁਨੀਆਂ ਰੇਤ-ਸਥਾਨਾ।
ਭਰਮ ਨਜ਼ਰ ਤਾਂ ਇੱਕ ਛਲਾਵਾ, ਲੰਘ ਆਇਆ ਮੈਂ ਦੂਰ।
ਤੇਰੇ ਮੇਰੇ ....................।

# ਮਲ੍ਹਿਆਂ ਵਾਂਗ ਖਲੋਏ

ਤੇਰੀ ਉਡੀਕ ਦੇ ਪੈਹੇ ਉਤੇ,
ਅਸੀਂ ਮਲ੍ਹਿਆਂ ਵਾਂਗ ਖਲੋਏ
ਪਰ ਦਰਸ ਤੇਰੇ ਨਾ ਹੋਏ।
ਵੇ ਸੱਜਣਾ! ਕੰਡਿਆਂ ਜਿੰਦ ਪਰੋਏ।
ਉਮਰ ਸੁਨਹਿਰੀ ਅਥਰੂ ਭਿੱਜੀ,
ਅਸੀਂ ਬਿਰਖਾਂ ਵਾਂਗੂ ਚੋਏ।
ਮੇਰਾ ਸੂਰਜ ਧੁੰਦ ਪਰੁੱਤਾ,
ਜਿੰਦ ਕਕਰਾਲੀ ਹੋਏ।
ਹਿਜਰ ਦੇ ਹੌਂਕੇ ਭੱਠੀ ਪੈਕੇ,
ਅਸੀ ਸੜ ਬਲ ਕੋਲੇ ਹੋਏ।
ਦੁੱਖ ਅਲੇਹੇ ਜਿੰਦ ਪਰੁੱਤੀ,
ਅਜੇ ਤਾਂ ਜ਼ਖਮ ਨਰੋਏ।
ਕੜਵਲ ਕੜਵਲ ਜਿੰਦੜੀ ਮੇਰੀ
ਪੀੜਾਂ ਕਿੰਝ ਸਮੋਏ,
ਉਮਰ ਦੇ ਤਾੜੇ ਤੂੰਬਾ ਤੂੰਬਾ,
ਵੇਲਨੇ ਜਿੰਦ ਵਲੋਏ,
ਯਾਦ ਤੇਰੀ ਦੇ ਸੁੱਚੇ ਬਾਗੀਂ,
ਕੰਡੇ ਚੁਗ ਚੁਗ ਮੋਏ।
ਜੀਵਨ ਤਾਂ ਹੈ ਨਿਰੀ ਹੀ ਭਟਕਣ,
ਰੋਹੀਆਂ ਦੇ ਵਿੱਚ ਰੋਏ।
ਯਾਦਾਂ ਤੰਦ ਉਲਝੇਵੇਂ ਵਾਲੇ,
ਕੀ ਜਾਣਾਂ ਕੀ ਹੋਏ।
ਖੂਹ ਦੀ ਕਾਂਜਣ ਚੰਨੇ ਉੱਤੇ,
ਘੁਣ ਹੀ ਭਾਗ ਨੇ ਹੋਏ।
ਗਗਨ ਮੁਖੀ ਲਠ ਸਾਂਭਾਂ ਕਿੱਦਾਂ,
ਬੈੜ ਦੇ ਚੱਕਰ ਦੋਏ।
ਤੇਰੀ ਉਡੀਕ ਦੇ ਪੈਹੇ ਉੱਤੇ,
ਅਸੀਂ ਮਲ੍ਹਿਆਂ ਵਾਂਗ ਖਲੋਏ।
ਪਰ ਦਰਸ ਤੇਰੇ ਨਾ ਹੋਏ।

## ਮੁਟਿਆਰ

ਇੱਕ ਮੁਟਿਆਰ ਮੈਂ ਤੱਕੀ
ਸਿਰ ਤੇ ਟੋਕਰੀ
ਹੱਥਾਂ 'ਚ ਵੰਗਾਂ
ਛਣ ਛਣ ਕਰਦੀਆਂ
ਪੈਰਾਂ ਦੀਆਂ ਝਾਂਜਰਾਂ
ਸੂਹਾ ਸਾਲੂ ਏ ਸਿਰ ਤੇ
ਜਾਂਦੀ ਏ ਠੁਮਕਦੀ
ਨਖਰੇ ਜਿਹੇ ਕਰਦੀ
ਰੰਗ ਦੀ ਸੀ ਰੱਤੀ
ਇੱਕ ਮੁਟਿਆਰ ਮੈਂ ਤੱਕੀ
ਉਹ ਮੁੜ ਮੁੜ ਕੇ ਤੱਕਦੀ
ਤੱਕ ਤੱਕ ਕੇ ਹੱਸਦੀ
ਨਾਗਨੀ ਜਿਹੀ ਗੁੱਤ
ਵਲਾਂ ਨੇ ਪਾਂਦੀ
ਚੁੰਗੀਆਂ ਨੇ ਭਰਦੀ
ਤੁਰਦੀ ਉਹ ਜਾਂਦੀ
ਤੱਕ ਤੱਕ ਕੇ ਮੇਰੀ
ਭੁੱਖ ਵੀ ਨਾ ਲੱਥੀ
ਇੱਕ ਮੁਟਿਆਰ ਮੈਂ ਤੱਕੀ
ਅੱਖੀਆਂ ਸ਼ਰਾਬੀ
ਬੁੱਲ੍ਹੀਆਂ ਗੁਲਾਬੀ
ਖੀਵਾ ਮੈਂ ਥੀ ਗਿਆ
ਤੱਕਦਾ ਈ ਉਸ ਨੂੰ
ਭੁਲ ਗਿਆ ਮੈਂ ਦੁਨੀਆਂ
ਵਿਸਾਰਿਆ ਮੈਂ ਹੋਸ਼ ਨੂੰ
ਮਸਤੀ ਜਿਹੀ ਚੜ੍ਹ ਗਈ
ਜੋ ਅਜੇ ਵੀ ਨਾ ਲੱਥੀ

ਇੱਕ ਮੁਟਿਆਰ ਮੈਂ ਤੱਕੀ
ਉਹਦੀ ਜਵਾਨੀ ਦੀ ਚਾਲ
ਉਹਦੇ ਕਾਲੇ ਕਾਲੇ ਵਾਲ
ਉਹਦਾ ਪਤਲਾ ਜਿਹਾ ਲੱਕ
ਉਹਦਾ ਤਿੱਖਾ ਜਿਹਾ ਨੱਕ
ਉਹਦੀ ਮਟਕਦੀ ਜਿਹੀ ਚਾਲ
ਮੈਨੂੰ ਕਰ ਗਈ ਨਿਢਾਲ
ਉਹਦੀਆਂ ਜ਼ਾਲਮ ਨੇ ਅੱਖਾਂ
ਮਾਰਿਆ ਤੀਰ ਅਜਿਹਾ
ਮੇਰੀ ਜਿੰਦ ਨ ਸਹਾਰ ਸੱਕੀ
ਇੱਕ ਮੁਟਿਆਰ ਮੈਂ ਤੱਕੀ।

## ਅਨ੍ਹੇਰੀਆਂ ਝੁੱਲੀਆਂ

ਪ੍ਰੇਮ ਹੁਲਾਰੇ
ਖਾਂਦਿਆਂ ਹੋਇਆਂ
ਜੀਵਨ ਪੀਂਘ
ਝੁਟਾਂਦਿਆਂ ਹੋਇਆਂ
ਇੱਕ ਹਨੇਰੀ ਉੱਠੀ,
ਝੱਖੜ ਝੁੱਲਿਆ
ਆਸਾਂ ਟੁੱਟੀਆਂ
ਜੋਤੀ ਬੁੱਝ ਗਈ
ਅੰਤਹਿ ਡੂੰਘਾਣਾਂ ਵਿਚੋਂ
ਇੱਕ ਤੂਫ਼ਾਨ ਉਠਿਆ
ਭਰ ਦਰਦਾਂ ਨਾਲ
ਵਿਲਕੀਆਂ ਰੂਹਾਂ
ਦਰਦ ਦਿਲਾਂ ਦੇ
ਅੱਖੀਆਂ ਥਾਣੀਂ
ਵਹਿ ਗਏ ਬਣਕੇ
ਹੰਝੂ ਪਾਣੀ
ਧਰਤੀਆਂ ਤਪੀਆਂ
ਰੂਹਾਂ ਸੜੀਆਂ
ਧੁਰ ਧਰਤੀ ਦੀ ਗੋਦੋਂ
ਖਿੱਚ ਲਿਆਂਦੇ
ਧੂਹ ਲਿਆਂਦੇ
ਧਰਤੀ ਦੇ ਜਾਏ
ਅੰਬਰ ਫ਼ਟਿਆ
ਤਾਰੇ ਟੁੱਟੇ
ਧੁਰੋਂ ਆ ਡਿੱਗੇ
ਤਖ਼ਤਾਂ ਉਤੋਂ
ਭੁੰਜੇ ਪੱਟਕੇ

ਰੂਹਾਂ ਵਿਲਕੀਆਂ
ਗੰਢਾਂ ਦਿੱਤੀਆਂ
ਆਣ ਖੁੱਲ੍ਹੀਆਂ
ਅਨ੍ਹੇਰੀਆਂ ਝੁੱਲੀਆਂ
ਰੂਹਾਂ ਰੁਲ਼ੀਆਂ।

✻

## ਆਵਾਜ਼

ਆਵਾਜ਼ ਆਉਂਦੀ ਏ
ਕਿਸੇ ਦੀ
ਜਾਣੀ ਪਹਿਚਾਣੀ
ਗੀਤਾਂ ਥਾਣੀ
ਪਿਛਲੀ ਕਹਾਣੀ
ਗਾਉਂਦੀ ਏ

ਆਵਾਜ਼ ਆਉਂਦੀ ਏ।
ਕਰਮਾਂ ਸੜਿਆਂ ਦੀ
ਮਾਰੀ ਗੜਿਆਂ ਦੀ
ਇੱਕ ਪਾਸਿਉਂ
ਇੱਕ ਖੂੰਜਿਉਂ
ਕੋਈ ਗੀਤ
ਬਿਰਹਾ ਦਾ ਗਾਉਂਦੀ ਏ
ਆਵਾਜ਼ ਆਉਂਦੀ ਏ।
ਉਹਦੇ ਹੱਟਕੋਰਿਆਂ 'ਚ
ਉਹਦੇ ਹਾਵਿਆਂ 'ਚ
ਮਜ਼ਲੂਮ ਦੀ ਕਹਾਣੀ
ਹੰਝੂਆਂ ਦੀ ਜ਼ਬਾਨੀ
ਕੌਣ ਸੁਣਾਉਂਦੀ ਏ
ਆਵਾਜ਼ ਆਉਂਦੀ ਏ।
ਕਿਸ ਦੀਆਂ ਆਹਾਂ ਨੇ
ਕਿਸ ਦੀਆਂ ਸੱਧਰਾਂ ਨੇ
ਜ਼ਖਮੀ ਏ ਦਿਲ
ਕਿਸ ਬੇ-ਨਸੀਬ ਦਾ
ਘਾਇਲ ਏ ਜਿਗਰ
ਕਿਸ ਨਾ-ਉਮੀਦ ਦਾ

ਸੱਟਾਂ ਦਿਲ ਤੇ
ਕੌਣ ਲਾਉਂਦੀ ਏ
ਆਵਾਜ ਆਉਂਦੀ ਏ।
ਕਿਸ ਦਾ ਸੰਧੂਰ ਮਿਟਿਆ
ਕਿਸ ਦੀਆਂ ਤਿੜਕੀਆਂ
ਲਾਲ ਚੂੜੀਆਂ
ਸੁਹਾਗ ਲੁਟਿਆ ਕਿਸਦਾ
ਕਿਸ ਦੀ ਮਾਂਗ ਉਲਝੀ
ਕਿਸ ਦੀ ਕਹਾਣੀ
ਕਿਸ ਦੇ ਅੰਦਰ
ਤਿਲਮਿਲਾਉਂਦੀ ਏ
ਆਵਾਜ਼ ਆਉਂਦੀ ਏ।
ਕਿਸ ਦਾ ਰੁਖੜਾ
ਨਦੀ ਕਿਨਾਰਿਉਂ ਖੁਰਿਆ
ਕਿਸ ਦਾ ਆਹਲਣਾ
ਝੱਖੜ ਖੜਿਆ
ਕਿਸ ਦੇ ਵਿਹੜਿਉਂ
ਕਿਸ ਬੂਟਾ ਪੁੱਟਿਆ
ਕੌਣ ਏ ਉਹ ?
ਕਰਮਾਂ ਸੜਿਆ
ਜਿਸ ਦੇ ਵੈਣ
ਇੱਕ ਨਵ-ਜੋਬਨਾ ਪਾਉਂਦੀ ਏ।
ਆਵਾਜ਼ ਆਉਂਦੀ ਏ।

✵

## ਫੁੱਲਾਂ ਨੇ ਕੀ ਸਾਥ ਦੇਣਾ ਸੀ

ਸਾਗਰ ਦੀ ਘੁੰਮਣ ਘੇਰੀ ਦਾ ਕੀ ਦੋਸ਼ ਹੈ।
ਮੌਤ ਦੀ ਗਲਵਕੜੀ 'ਚ ਕਿੰਨਾ ਸੰਤੋਸ਼ ਹੈ।
ਮਾਤਮ ਮਨਾਈਏ ਤਾਂ ਕਿਸ ਦਾ ਮਨਾਈਏ,
ਪਤਾ ਕਿਵੇਂ ਲੱਗੇ ਇਹ ਕਿਸ ਦਾ ਦੋਸ਼ ਹੈ,
ਸੁਰਮਈ ਸ਼ਾਮ ਕੀ ਆਈ ਕਹਿਰ ਛਾ ਗਿਆ,
ਸਭ ਨੇ ਦੋਸ਼ੀ, ਕੀ ਪਤਾ ਕੌਣ ਨਿਰਦੋਸ਼ ਹੈ,
ਜਨਮ ਤੋਂ ਹੀ ਹਾਂ ਪਲੇ, ਅੰਗਾਰਾਂ ਦੇ ਵਿਛੌਣੇ,
ਰੰਗ ਹੈ ਸੰਧੂਰੀ ਹਰ ਕੋਈ ਮਦਹੋਸ਼ ਹੈ,
ਕਲਮ ਦੀ ਤਾਕਤ ਤਾਂ ਅਖਬਾਰਾਂ ਵਿੱਚ 'ਚ ਰੁਲ ਗਈ,
ਯਾਦਾਂ ਦੀ ਪਟਾਰੀ 'ਚ ਤਲਵਾਰਾਂ ਦਾ ਜੋਸ਼ ਹੈ।
ਕੀ ਹੋਣੀ ਸੀ ਜ਼ਿੰਦਗੀ 'ਚ ਰਹਿਮਤਾਂ ਦੀ ਵਰਖਾ,
ਫੁਲਾਂ ਤੋਂ ਸਖਣੀ ਸਦਾ ਤੋਂ ਮੇਰੀ ਆਗੋਸ਼ ਹੈ।
ਮਰ ਮਰ ਕੇ ਸੀ ਪਾਲੀ ਆਸਾਂ ਦੀ ਚਿਣਗ,
ਬਾਰੂਦੀ ਅਨ੍ਹੇਰੀ ਦੇ ਧੂਏਂ ਚ' ਰੂਪੋਸ਼ ਹੈ।
ਕਿਸ ਤਰ੍ਹਾਂ ਸੰਵਾਰਾਂ ਯਾਰਾ ਤੇਰੀ ਜ਼ੁਲਫ ਨੂੰ,
ਸੰਗੀਨਾਂ ਲੈ ਪਹਿਰੇ ਤੇ ਬੈਠਾ ਜ਼ਰ ਪੋਸ਼ ਹੈ,
ਫੁਲਾਂ ਨੇ ਭਲਾ ਕੀ ਦੇਣਾ ਸੀ ਸਾਥ ਮੇਰਾ,
ਖਾਰਾਂ ਦੀ ਚੁਭਨ ਵੀ ਭਲਾ ਕਿਉਂ ਖਾਮੋਸ਼ ਹੈ।

## ਮੇਰੇ ਜ਼ਖਮਾਂ ਤੇ

ਮੇਰੇ ਜਖਮਾਂ ਤੇ ਨਸ਼ਤਰ ਲਗਾਂਦੇ ਰਹੇ।
ਮੈਂ ਜਲਦਾ ਰਿਹਾ, ਉਹ ਜਲਾਂਦੇ ਰਹੇ।
ਇੱਕ ਮਿੱਟੀ ਦਾ ਜਾਣਕੇ ਬੁੱਤ ਮੈਨੂੰ
ਮੇਰੀ ਖ਼ਾਕ ਦੇ ਜ਼ੱਰੇ ਉਡਾਂਦੇ ਰਹੇ,
ਮੇਰੇ ਸਾਹਮਣੇ ਮੇਰੇ ਰਕੀਬ ਕਹਿ ਕੇ।
ਘੁੱਟ ਫੁਲਾਂ ਨੂੰ ਸੀਨੇ ਨਾਲ ਲਾਂਦੇ ਰਹੇ।
ਸ਼ਮਾਂ ਬੁਝ ਗਈ ਰੱਤਾ ਨਾ ਤਰਸ ਕੀਤਾ।
ਫੂਕਾਂ ਮਾਰ ਕੇ ਰਾਖ ਉਡਾਂਦੇ ਰਹੇ।
ਖ਼ਾਕ ਹੋ ਕੇ ਵੀ ਨਾ ਅਰਾਮ ਨਸੀਬ,
ਮੇਰੀ ਕਬਰ ਤੇ ਵੀ ਠੋਹਕਰ ਲਗਾਂਦੇ ਰਹੇ।

✵

## ਕਣਕਾਂ ਵਾਲਿਆ

ਓ ਕਣਕਾਂ ਵਾਲਿਆ,
ਤੇਰੀਆਂ ਕਣਕਾਂ ਨੇ ਪੱਕੀਆਂ।
ਚੜ੍ਹਿਆ ਮਹੀਨਾ ਵਿਸਾਖ ਦਾ,
ਤੇ ਕਣਕਾਂ ਹੋਈਆਂ ਰੱਤੀਆਂ।
ਓ ਵੀਰਾ, ਓ ਕਾਮਿਆਂ
ਓ ਦੁਨੀਆਂ ਦੇ ਵਾਲੀਆਂ,
ਵਾਜ਼ਾਂ ਤੈਨੂੰ ਮਾਰਦੀਆਂ
ਤੇਰੀਆਂ ਹੀ ਕਣਕਾਂ,
ਓ ਕਣਕਾਂ ਵਾਲਿਆਂ
ਤੇਰੀਆਂ ਕਣਕਾਂ ਪੱਕੀਆਂ,
ਪਿਆ ਕਣਕਾਂ ਨੂੰ ਬੂਰ ਏ।
ਜਵਾਨੀ ਤੇ ਚੜ੍ਹੀਆਂ,
ਡੁਲਦਾ ਸਰੂਰ ਏ।
ਪੱਤੀਆਂ ਨੇ ਪੀਲੀਆਂ,
ਸਿੱਟਿਆਂ ਤੇ ਨੂਰ ਏ।
ਓ ਕਣਕਾਂ ਵਾਲਿਆ
ਤੇਰੀਆਂ ਕਣਕਾਂ ਪੱਕੀਆਂ।
ਲਿਆ ਖਾਂ ਦਾਤੀ,
ਵਾਢੀ ਤੂੰ ਪਾ ਲੈ।
ਵੱਢ ਵੱਢ ਕੇ ਇਨ੍ਹਾਂ ਨੂੰ,
ਢੇਰੀਆਂ ਤੂੰ ਲਾ ਲੈ।
ਗੱਡੇ ਤੇ ਧਰ ਲੈ,
ਪਿੜਾਂ ਨੂੰ ਚਾ ਲੈ।
ਢੱਗੇ ਵੀ ਲਿਆ ਕੇ,
ਗਾਹੀ ਤੂੰ ਪਾ ਲੈ।
ਓ ਕਣਕਾਂ ਵਾਲਿਆ
ਤੈਨੂੰ ਵਾਜਾਂ ਨੇ ਮਾਰਦੀਆਂ

ਤੇਰੀਆਂ ਕਣਕਾਂ ਨੇ ਪੱਕੀਆਂ।
ਹੁਣ ਲਾਏ ਵੇ ਬੋਹਲ ਸਾਰੇ,
ਤੇਰੇ ਈ ਹੋਣਗੇ।
ਲੁਟੇਰੇ ਜਾਂ ਚੋਰ ਕੋਈ,
ਨੇੜੇ ਨਾ ਆਉਣਗੇ।
ਕਾਲੇ ਸ਼ਾਹ ਭੂਤਨੇ,
ਲੋਟੀ ਨਾ ਪਾਉਣਗੇ।
ਆਇਆ ਜੇ ਨੇੜ ਕੋਈ,
ਲੱਤਾਂ ਨੂੰ ਛਾਂਗ ਦਈਂ
ਤੈਨੂੰ ਸਮਝਾ ਰਹੀਆਂ ਨੇ।
ਤੇਰੀਆਂ ਨੇ ਕਣਕਾਂ
ਓ ਕਣਕਾਂ ਵਾਲਿਆ,
ਹੁਣ ਕਣਕਾਂ ਹੋਈਆਂ ਰੱਤੀਆਂ।
ਅੱਜ ਤੇਰੀ ਕਿਸਮਤ ਨੇ,
ਪਾਸਾ ਏ ਪਰਤਿਆ।
ਸਾਮਰਾਜੀ ਚੋਰਾਂ ਤੇ,
ਭਾਣਾ ਏ ਵਰਤਿਆ।
ਕਮਾ ਤੇ ਖਾਹ ਤੂੰ,
ਮੌਜਾਂ ਤੂੰ ਕਰ ਪਿਆ।
ਤੱਕ ਮਜ਼ਦੂਰਾਂ ਤੇ ਕਾਮਿਆਂ ਦਾ,
ਆ ਰਿਹਾ ਹੜ੍ਹ ਪਿਆ।
ਵੇਖ ਕਣਕਾਂ ਨੇ ਹੱਸ ਰਹੀਆਂ,
ਵਾਜਾਂ ਨੇ ਮਾਰਦੀਆਂ।
ਓ ਕਣਕਾਂ ਵਾਲਿਆ,
ਤੇਰੀਆਂ ਕਣਕਾਂ ਨੇ ਪੱਕੀਆਂ।
ਹੁਣ ਤੂੰ ਹੀ ਮਾਲਕ,
ਤੇਰਾ ਈ ਰਾਜ ਏ।

ਤੇਰਾ ਬਣਾਇਆ ਸਾਰਾ,
ਤੇਰਾ ਹੀ ਸਾਜ਼ ਏ।
ਅੱਜ ਚਿੜੀਆਂ ਮਧੋਲ ਦਿਤਾ,
ਸਾਮਰਾਜੀ ਬਾਜ਼ ਏ।
ਹੁਣ ਸਿਰ ਤੇਰੇ ਤੇ ਟਿਕੇਗਾ,
ਤੇਰਾ ਹੀ ਤਾਜ ਏ।
ਸਾਂਝੀਵਾਲਤਾ ਏ,
ਝੁੱਗੀਆਂ ਨੇ ਕਹਿ ਰਹੀਆਂ।
ਕਹਿ ਰਹੀਆਂ ਨੇ,
ਗਲਵਕੜੀ ਪਾਉਣ ਲਈ।
ਕਣਕਾਂ ਜੋ ਪੱਕੀਆਂ
ੳ ਕਣਕਾਂ ਵਾਲਿਆ,
ਕਣਕਾਂ ਹੋਈਆਂ ਰੱਤੀਆਂ।
ਕਣਕਾਂ ਪੱਕੀਆਂ।

✵

## ਅੱਜ ਮੈਂ ਤੱਕਿਆ

ਅੱਜ ਮੈਂ ਤੱਕਿਆ
ਤੇਰਾ ਕਮਲਾਇਆ ਮੁੱਖ
ਜਿਉਂ ਫੁੱਲ ਗੁਲਾਬ ਦਾ
ਕੁਮਲਾ ਜਾਂਦਾ ਏ।
ਤਪਸ਼ ਨਾ ਸਹਿੰਦਾ ਹੋਇਆ
ਮੁਰਝਾ ਜਾਂਦਾ ਏ।
ਅੱਜ ਇੱਕ ਨਜ਼ਰ ਮੈਂ ਮਾਰੀ
ਤੇਰੇ ਕੁਮਲਾਏ ਮੁੱਖ ਤੇ
ਤੇਰੀਆਂ ਸੋਹਲ ਬੁਲ੍ਹੀਆਂ
ਜਿਉਂ ਫੁੱਲਾਂ ਦੀਆਂ ਪੰਖੜੀਆਂ
ਮੁਰਝਾ ਜਾਂਦੀਆਂ ਨੇ,
ਤਰੇਲ ਦੀ ਬੂੰਦ ਬਿਨਾ
ਕੁਮਲਾ ਜਾਂਦੀਆਂ ਨੇ।
ਤੇਰੀਆਂ ਬੁੱਲੀਆਂ ਕੁਮਲਾਈਆਂ
ਮੈਂ ਜਾਣਦਾ ਹਾਂ ਕਿਉਂ?
ਕਿ ਤੂੰ
ਪਿਆਰ ਦੀ ਸੁਆਂਤੀ ਬੂੰਦ ਤੋਂ
ਕੁੱਝ ਚਿਰ ਲਈ
ਵਾਂਝੀ ਰਹਿ ਗਈ
ਮੈਂ
ਤੇਰੀਆਂ ਪੀਲੀਆਂ ਗੱਲ੍ਹਾਂ ਤੇ
ਤੇ ਨਿਰਾਸ਼ ਅੱਖਾਂ ਤੇ
ਇਕੋਂ ਹੀ ਝਾਤ ਪਾ ਸਕਿਆ
ਪਰ
ਮਜਬੂਰ ਹਾਂ ਮੈਂ
ਕਾਸ਼!
ਕਿ ਮੈਂ ਘੁੱਟ ਸਕਦਾ

ਆਪਣੇ ਨਾਲ
ਤੇ ਪਾ ਸਕਦਾ
ਪਿਆਰ ਦੀ ਸੁਆਂਤੀ ਬੂੰਦ
ਤੇਰੀਆਂ ਮੁਰਝਾਈਆਂ ਬੁੱਲ੍ਹੀਆਂ ਤੇ
ਮੈਂ ਜਾਣਦਾ ਹਾਂ
ਕਿ ਤੂੰ ਨਿਰਾਸ਼ ਹੈਂ
ਮੇਰੇ ਵੱਲੋਂ
ਪਰ ਨਹੀਂ
ਤੇਰਾ ਪਿਆਰ
ਤੇਰੇ ਲਈ ਨਿਰਾਸ਼ਾ ਨਹੀਂ
ਆਸ਼ਾ ਦੀ ਬਦਲੀ ਵਰ੍ਹੇਗੀ
ਤੈਨੂੰ ਨਿਰਾਸ਼ ਨਹੀਂ ਹੋਣ ਦੇਵਾਂਗਾ
ਘੁੱਟਾਂ ਗਾਂ ਕਲਾਈਆਂ ਵਿੱਚ
ਚੁੰਮਾਂਗਾਂ ਮੁਰਝਾਈਆਂ ਪੰਖੜੀਆਂ
ਤੇ ਫਿਰ
ਕਲੀ ਖਿੜ ਪਏਗੀ
ਪਹਿਲੇ ਵਾਂਗ ਹੀ
ਹੁਸਨ ਚਮਕ ਪਏਗਾ
ਜਦੋਂ ਕਿ ਮੇਰਾ ਫੁਲ
ਮੇਰਾ ਪਿਆਰ
ਮੇਰਾ ਸੰਸਾਰ
ਮੇਰੇ ਕੋਲ ਹੋਵੇਗਾ।

*

## ਪਿਤਾ ਦੀ ਮੌਤ ਤੇ

ਐ ਮੇਰੇ ਮਾਬੂਦ,
ਮੇਰੇ ਸਿਰਜਨਹਾਰ
ਐ ਮੇਰੇ ਜੀਵਨ ਦਾਤਾ
ਮੇਰੇ ਪਾਲਨ ਹਾਰ
ਤੇਰੇ ਹੀ ਅੰਗ ਤੋਂ
ਹੈ ਮੇਰਾ ਅਵਿਸ਼ਕਾਰ
ਤੂੰ ਮੇਰਾ ਜਨਮ ਦਾਤਾ
ਤੇਰੀ ਹੀ ਰਕਤ ਬਿੰਦ 'ਚੋਂ
ਮੇਰਾ ਉਦੇ ਹੋਇਆ
ਪਰ ਮੈਂ ਇਹ ਕਦੀ ਨਾ ਜਾਤਾ
ਮੈਂ ਤਾਂ ਤੇਰੇ ਮਨ ਦੀ ਵੇਦਨ
ਕਦੇ ਵੀ ਜਾਣੀ ਨਾਂਹੀ।
ਤੇਰੀਆਂ ਸੱਧਰਾਂ ਮਸਲ ਕੇ ਹੀ
ਖ਼ੁਸ਼ੀ ਮਨਾਣੀ ਚਾਹੀ
ਤੇਰੀ ਜਿੰਦੜੀ
ਸਾਰੀ ਉਮਰਾ ਵਿਲਕੀ
ਮੇਰੀ ਸਿਖਰ ਪ੍ਰਾਪਤੀ ਖਾਤਰ
ਤੇਰੀ ਉਮਰਾ ਢਲ ਗਈ
ਦੁੱਧ ਮੱਖਣਾਂ ਨਾਲ ਪਾਲਨ ਪੋਸਨ
ਕੀ ਏਸੇ ਖਾਤਰ ਕੀਤਾ
ਕਿ ਆਖਰੀ ਉਮਰੇ
ਤੇਰੇ ਸੁੱਖ ਦੀ ਖਾਤਰ
ਤੇਰਾ ਗਮ ਨਾ ਪੀਤਾ
ਕਦੀ ਨਾ ਜਾਣੀ ਤੇਰੀ ਵੇਦਨ
ਕਦੀ ਨਾ ਤੇਰੀ ਜ਼ਾਤ ਪਹਿਚਾਨੀ।
ਖ਼ੁਦਾ ਤੋਂ ਵਖਰੀ ਜ਼ਾਤ ਕੀ ਤੇਰੀ
ਮੈਂ ਮੂਰਖ ਨਾ ਜਾਣੀ

ਦੁੱਖ ਚ' ਬੀਤੀ ਉਮਰਾ ਤੇਰੀ
ਮੇਰੇ ਸੁੱਖ ਖਰੀਦੇ
ਕੀ ਕੀਮਤ ਮੈਂ ਇਸਦੀ ਪਾਈ
ਕਦੀ ਕੋਲ ਬੈਠਕੇ ਤੇਰੇ।
ਤੇਰੇ ਦਿਲ ਦੀ ਹਾਥ ਨਾ ਜਾਣੀ
ਤੇਰੇ ਲਈਂ ਮੈਂ ਖ਼ੂਨ ਪਵਿੱਤਰ
ਮੇਰੇ ਲਈ ਤੂੰ ਨਿਰਾ ਹੀ ਪਾਣੀ
ਏਦੂੰ ਵੱਧ ਕੀ ਹੋਊ ਚੰਦਰੀ
ਮੇਰੀ ਜਿੰਦ ਨਿਮਾਣੀ
ਸੁੱਭ ਕੁੱਝ ਲਿਤਾ
ਕੁੱਝ ਨਾ ਦਿਤਾ
ਕਦੀ ਨਾ ਜਾਣੀ
ਸਦਾ-ਸੁੱਚੀ ਜੋ ਤੈਂ ਕੀਤੀ
ਮੇਰੇ ਲਈ ਕੁਰਬਾਨੀ।
ਬੋਹੜ ਦੀ ਠੰਡੀ ਸੰਘਣੀ ਛਾਂ
ਸਾਰੀ ਉਮਰਾ ਮਾਣੀ
ਪਰ ਇਸਦੀ ਸੁਕਦੀ ਜਿੰਦੜੀ
ਘੁੱਟ ਸਰਿਆ ਨਾ ਪਾਣੀ
ਪਿਆਰ ਦੀ ਭੁੱਖੀ
ਆਦਰ ਤੇ ਇਤਬਾਰ ਦੀ ਭੁੱਖੀ
ਆਖਰਤ ਦੇ ਇਕਰਾਰ ਦੀ ਭੁੱਖੀ
ਜਿੱਤ ਦੀ ਭੁੱਖੀ ਹਾਰ ਤੋਂ ਦੁਖੀ
ਇੱਕ ਟਾਹਣੀ ਦੇ ਫੁਲਹਾਰ ਦੀ ਭੁੱਖੀ
ਜਿੰਦ ਤੇਰੀ ਕੁਮਲਾਈ
ਪਰ ਇਸ ਦੀ ਹਾਥ ਨਾ ਪਾਈ
ਮੈਂ ਤਾਂ ਬਣਿਆ ਇੱਕ ਕਸਾਈ
ਤੇਰੀ ਉਮਰਾ ਇੰਝ ਰੁਲਾਈ

ਜਨਮ ਤੋਂ ਪੀੜਾਂ ਮੇਰੀ ਖਾਤਰ
ਸਦਾ ਹੀ ਤੈਂ ਉਠਾਈ
ਆਪਣੀ ਹਯਾਤੀ
ਨਰਕ ਬਣਾਈ
ਮੇਰੇ ਸੁੱਖ-ਸਾਗਰ ਦੀ ਖਾਤਰ
ਆਪਣੀ ਜੀਵਨ ਮਹਿਕ
ਤੈਂ ਰੱਖੀ ਸਦਾ ਭੁਲਾਈ
ਤੂੰ ਜਾ ਰਲਿਆ
ਓਸ ਕਾਫਲੇ ਸੰਗ
ਜੋ ਸਦੀਵੀਂ ਮੰਜ਼ਲ ਵਲ ਨੂੰ
ਰਖਵਾ ਚਾਲੇ ਪਾਈ
ਜੋ ਉਸ ਅਣ-ਡਿੱਠ ਪਰਦੇ ਪਿਛੇ
ਜਿਸ ਦੀ ਅਰਦਲ ਦੇ ਵਿੱਚ
ਮੌਤ ਦੀ ਸ਼ਾਤ ਸੁੰਦਰਦਾ
ਉਡੀਕੇ ਪਈ ਸਦਾ ਹੀ
ਆਖਰ ਵੇਲੇ ਭੁਲਦਾ ਨਾਹੀਂ
ਤੇਰੀ ਸੱਜੀ ਅੱਖ ਦੇ
ਸੱਜੇ ਕੋਨੇ ਦੇ ਵਿੱਚ
ਇੱਕ ਡਲ੍ਹਕਿਆ ਨਿੱਕਾ ਮੋਤੀ
ਉਸ ਮੋਤੀ ਦੀ ਧੁੰਦਲਾਈ ਆਬ
ਨਾ ਸਹਿਕੇ
ਤੇਰੀ ਜਿੰਦ ਕੁਮਲਾਈ
ਸਦਾ ਲਈ ਸਾਂਝ ਮੁਕਾਈ
ਕੀ ਪਤਾ ਸੀ
ਤੈਂ ਇੰਝ ਤੁਰ ਜਾਣਾ
ਤੇ ਫੇਰ ਕਦੀ
ਮੁੜਕੇ ਨਹੀ ਆਣਾ

ਇਹ ਚੰਦਰਾ ਕੀ ਜ਼ਖਮ ਪਾਲਿਆ
ਜਿਸਨੇ ਕਦੀ ਨਹੀਂ ਕੁਮਲਾਣਾ
ਮੇਰੀ ਜਿੰਦ ਬਣੀ ਪਛਤਾਵਾ
ਕੀ ਇਸ ਨੇ ਮੁਸਕਾਣਾ
ਪਰ ਤੈਂ
ਹੁਣ ਕਦੀ ਨਾ ਆ ਕੇ
ਮੇਰਾ ਦਰਦ ਵੰਡਾਣਾ
ਗਮ-ਸਾਗਰ ਇਕੋ ਹੀ ਡੀਕੇ
ਚੁੰਮਨਾ ਤੇ ਪੀ ਜਾਣਾ
ਪਰ ਇਸ ਪਛਤਾਵੇ ਦੇ ਵਿਚੋਂ
ਕੋਈ ਨਾ ਕੋਈ ਫੁਲ ਖਿੜੇਗਾ
ਤੇਰਾ ਮੇਰਾ ਪ੍ਰੇਮ ਦਾ ਰਿਸ਼ਤਾ
ਫੇਰ ਜੁੜੇਗਾ

## ਲੋਹੀ ਕਿਰਨ

ਇੱਕ ਕਿਰਨ
ਆਸ਼ਾ ਦੀ ਲੋਹੀ ਕਿਰਨ
ਝਾਉਲਾ ਪਿਆ ਮੈਨੂੰ
ਚੜ੍ਹਦੀ ਦੁਮੇਲ 'ਚੋਂ
ਸੱਚ ਮੁੱਚ ਹੀ
ਆਸ਼ਾ ਦੀ ਕਿਰਨ
ਲਾਲ ਸੂਹੀ ਕਿਰਨ
ਸੱਭ ਕੁੱਝ ਸੂਹਾ ਸੂਹਾ
ਮੈਂ ਅਨੁਭਵ ਕੀਤਾ
ਲੱਖਾਂ ਹੀ ਟਿਮ ਟਿਮਾਂਦੇ ਦੀਪ
ਇੱਕ ਸਾਰ ਜਲਨ ਲੱਗੇ
ਪਤਾ ਨਹੀਂ ਕਿਧਰੋਂ
ਮੁੱਕਿਆ ਤੇਲ ਆ ਗਿਆ
ਲੋ ਵਧਣ ਲੱਗੀ
ਮੈਂ ਅੱਖਾਂ ਪੁੱਟੀਆਂ
ਮੈਂ ਜਾਤਾ
ਇੱਕ ਧੁੰਦਲਾ ਜਿਹਾ ਪਰਛਾਵਾਂ
ਮੇਰੇ ਵੱਲ ਵਧ ਰਿਹਾ
ਇੱਕ ਸੁੰਦਰਤਾ ਦੀ ਦੇਵੀ
ਕੋਮਲ ਜਹੀ ਕਲੀ
ਚਿੱਟੇ ਚਿੱਟੇ ਹੱਥ
ਉਸ ਅਗਾਂਹ ਵਧਾਏ
ਉਸ ਪਿਆਲਾ ਵਧਾਇਆ
ਨੱਕੋ ਨੱਕ ਭਰਿਆ ਹੋਇਆ
ਲਾਲ ਉਹਦਾ ਰੰਗ
ਇਹ ਕੀ ?
ਮੈਂ ਪੁੱਛਿਆ

ਪ੍ਰੇਮ, ਉਸ ਕਿਹਾ
ਪੀ ਲੈ ਗਟ ਗਟ ਕਰਕੇ
ਜੀ ਲੈ ਚਾਰ ਦਿਹਾੜੇ
ਕਹਿਰਾਂ ਦੀ ਮਸਤੀ ਏ
ਇਹਦੇ ਵਿੱਚ
ਮਦਹੋਸ਼ ਹੋ ਜਾ
ਪੀੜਾ ਭੁੱਲ ਜਾਏਗੀ
ਮੈਂ ਉਹਦੀਆਂ ਅੱਖਾਂ 'ਚ ਤੱਕਿਆ
ਉਹ ਮੁਸਕਾਈ
ਲੱਖਾਂ ਜੁਗਨੂੰ ਟਿਮਟਿਮਾਏ
ਮੈਂ ਤੱਕੀ ਗਿਆ
ਉਹ ਅਗਾਂਹ ਵਧੀ
ਮੈਂ ਹੱਥ ਵਧਾਏ
ਉਸ
ਸਧੱਰਾਂ ਭਰੀਆਂ ਤਲੀਆਂ ਤੇ
ਟਿਕਾਇਆ ਹੋਇਆ ਪਿਆਲਾ
ਛੋਹ ਦਿੱਤਾ
ਮੇਰੇ ਤ੍ਰੇੜੇ ਬੁੱਲ੍ਹਾਂ ਨਾਲ
ਮੈਂ
ਇੱਕ ਵਾਰਗੀ ਕੰਬ ਉਠਿਆ
ਮੇਰੇ ਅੰਗ ਸਿਥਲ ਹੋ ਗਏ
ਪਿਆਲਾ ਸੀ ਨਾ
ਬਲੌਰੀ ਰੰਗ ਦਾ
ਹੱਥੋਂ ਛੁੱਟਦਾ ਈ
ਚੂਰ ਚੂਰ ਹੋ ਗਿਆ
ਸੁੰਦਰਤਾ ਦੀ ਦੇਵੀ
ਤੰਦੂਰ ਵਾਂਗ ਤਪ ਉਠੀ

ਹੁਣ ਕਹਿਰ ਦੀ ਮੂਰਤੀ
ਖੜ੍ਹੀ ਸੀ ਮੇਰੇ ਸਾਹਵੇਂ
ਹੁਣ ਉਹਦੀਆਂ ਅੱਖਾਂ ‘ਚ
ਢਾਬ ਵਰਗੀ ਨਿਰਮਲਤਾ
ਤੇ ਖਾਮੋਸ਼ੀ ਦੀ ਥਾਂ
ਨਫਰਤ ਸੀ
ਇੱਕ ਭੱਬੂਕੀ ਅੱਗ
ਉਸ ਪਿੱਠ ਮੋੜੀ
ਟਿਮਕਦੇ ਦੀਵੇ
ਇਕਵਾਰਗੀ ਭੜਕੇ
ਤੇ ਮੁੜ ਸ਼ਾਂਤ ਹੋ ਗਏ
ਹਮੇਸ਼ਾ ਲਈ
ਲਾਲ ਸੂਹੀ ਕਿਰਨ ਦੀ ਥਾਂ
ਰਾਤ ਸੀ
ਕਾਲੀ ਸ਼ਾਹ
ਤੇ ਜਾਂ
ਸ਼ਾਂ ਸ਼ਾਂ ਇਸਦੀ।

✵

## ਤੇਰੀ ਮਹਿਫ਼ਲ ਵਿੱਚ

ਤੇਰੀ ਮਹਿਫ਼ਲ ਦੇ ਵਿੱਚ ਐ ਸਾਕੀ,
ਮੈਂ ਹੋਸ਼ ਗੁਆ ਬੈਠਾ ਹਾਂ।
ਚਿਰਾਂ ਤੋਂ ਸਾਂਭੀ ਇਹ ਦਿਲ ਪੂੰਜੀ,
ਇੱਕ ਪਿਆਲੀ ਤੋਂ ਲੁਟਾ ਬੈਠਾ ਹਾਂ।
ਜੋਬਨ ਤੇਰਾ ਕਿ ਛਲਕੇ ਪੈਮਾਨਾ,
ਜਿੰਦਗੀ ਨਾਲ ਸੌਦਾ ਚੁਕਾ ਬੈਠਾ ਹਾਂ।
ਨਿਰਾਸ਼ਾ ਦੀ ਡੋਲੀ 'ਚ ਆਸ਼ਾ ਲੁਕਾਕੇ,
ਮੁਸਕਾਨਾਂ ਨਾਲ ਦਿਲ ਪਰਚਾ ਬੈਠਾ ਹਾਂ।
ਤਮੰਨਾ ਹੈ ਲਹਿਰਾਂ ਚੋ ਪਾ ਲੈਂ ਤੈਨੂੰ,
ਤੂਫਾਨਾਂ ਨੂੰ ਆਪਣਾ ਬਣਾ ਬੈਠਾ ਹਾਂ।
ਬਿਜਲੀ ਗਿਰੇ ਜਾਂ ਘਟਾ ਛਾਏ,
ਕੁੱਝ ਵੀ ਘੁੱਟਨ ਲਈ ਬਾਹਾਂ ਫੈਲਾ ਬੈਠਾ ਹਾਂ।
ਤੇਰੀ ਜ਼ੁਲਫ ਨੇ ਪੇਚਾ ਪਾ ਲਿਆ,
ਇਨ੍ਹਾਂ ਪੇਚਾਂ 'ਚ ਆਪਾ ਫਸਾ ਬੈਠਾ।

✵

## ਮੈਨੂੰ ਨਿਆਰਾ ਰਹਿਣ ਦੇ

ਨਾ ਕਰ ਨਸੀਹਤਾਂ, ਬਸ ਯਾਰਾ ਰਹਿਣ ਦੇ।
ਮੈਨੂੰ ਇੰਝ ਈ ਤੂੰ, ਭਟਕਦਾ ਅਵਾਰਾ ਰਹਿਣ ਦੇ,
ਕਾਫਲਾ ਜਾ ਰਿਹਾ ਏ, ਤੁਰੀ ਜਾਣ ਦੇ,
ਤਿਲਕ ਪਿਆ ਵਾਂ, ਉਠਾ ਨਾ ਦੁਬਾਰਾ ਰਹਿਣ ਦੇ।
ਹੋਸ਼ ਉਡੀ ਏ ਪਰਾਂ ਦੇ ਜ਼ੋਰ ਤੇ ਇਕਦਮ,
ਜੇ ਹੁੰਦਾ ਏ, ਹੋਣ ਦੇ, ਛੁਟਕਾਰਾ ਰਹਿਣ ਦੇ।
ਡੋਲਦੇ ਨੇ ਹੋਂਦ ਮੇਰੀ ਦੇ ਭਾਵੇਂ ਪੈਰ,
ਸਹਾਰੇ ਦੀ ਲੋੜ ਨਹੀਂ ਬੇ ਸਹਾਰਾ ਰਹਿਣ ਦੇ।
ਕਾਲ ਕੋਠੜੀ ਐਨ੍ਹਰਾ ਏ ਭਾਵੇਂ ਬੇਸ਼ੱਕ,
ਸਾਹ ਘੁਟੀਂਦਾ ਏ ਭਾਵੇਂ ਪਰ ਚੁਬਾਰਾ ਰਹਿਣ ਦੇ।
ਜੱਨਤ ਦਾ ਨਾਂ ਨਾ ਲੈ, ਦੁਤਕਾਰ ਦਿਆਂਗਾ,
ਤੱਕਨ ਲਈ ਤੂੰ ਕਿਆਮਤ ਦਾ ਨਜ਼ਾਰਾ ਰਹਿਣ ਦੇ।
ਸਨਮ ਦੇ ਦਰ ਤੇ ਮੱਥਾ ਘਸਾਵਾਂ ਕਿਉਂ,
ਜਦ ਗੁਨਾਹਾਂ ਤੇ ਈ ਏ, ਗੁਜ਼ਾਰਾ ਰਹਿਣ ਦੇ।
ਘਰ ਵਸਾਉਣ ਦੀ ਬਸ ਨਹੀਂ ਏ ਲੋੜ ਮੈਨੂੰ,
ਵੀਰਾਨ ਦਿਲ ਹੀ ਮੇਰਾ ਦੁਆਰਾ ਰਹਿਣ ਦੇ।
ਸੜ ਈ ਜਾਣ ਦੇ ਫੁਲਾਂ ਨੂੰ ਅੰਗਾਰਿਆਂ ਤੇ,
ਦਾਗੋਂ ਦਾਮਨ ਨੂੰ ਬਚਾਉਣ ਦਾ ਇਸ਼ਾਰਾ ਰਹਿਣ ਦੇ।
ਨਾਉ ਮੰਝਧਾਰ ਏ, ਤੂਫਾਨਾਂ ਨਾਲ ਇਕਰਾਰ ਏ,
ਸੁੱਟ ਚੱਪੂ ਤੇ ਦੂਰ ਈ ਕਿਨਾਰਾ ਰਹਿਣ ਦੇ।
ਕਿਸਮਤ ਮੇਰੀ ਤੇ ਕਿਉਂ ਰੋਲਦਾ ਏਂ ਮੋਤੀ,
ਗੁਰਦਸ਼ ਵਿਚ ਹੀ ਮੇਰਾ ਸਿਤਾਰਾ ਰਹਿਣ ਦੇ।
ਸਮੇਂ ਦੇ ਸਾਜ਼ਾਂ ਤੇ ਮੈਂ ਨਹੀ ਗੀਤ ਗਾਉਣੇ ,
ਜ਼ਮਾਨੇ ਸਾਜ਼ਾਂ ਤੋਂ ਮੈਨੂੰ ਨਿਆਰਾ ਰਹਿਣ ਦੇ।
ਨਾ ਕਰ ਨਸੀਹਤਾਂ, ਬਸ ਯਾਰਾ ਰਹਿਣ ਦੇ,
ਮੈਨੂੰ ਇੰਝ ਈ ਤੂੰ ਭਟਕਦਾ ਅਵਾਰਾ ਰਹਿਣ ਦੇ।

## ਵਫ਼ਾ ਨੂੰ ਕਰਦੇ ਖੁਆਰ

ਸੋਹਣੇ ਦੁਨੀਆਂ ਤੋਂ ਬੇ ਪਰਵਾਹ ਹੋ ਕੇ,
ਮੇਰੀ ਵਫ਼ਾ ਨੂੰ ਕਰਦੇ ਖੁਆਰ ਪਏ ਨੇ।
ਮੇਰੇ ਹੌਕਿਆਂ ਨੂੰ ਸਮਝਕੇ ਗਰਮ ਬੁੱਲੇ,
ਸ਼ੀਤ ਵਾਵਾਂ ਦਾ ਕਰਦੇ ਸ਼ਿੰਗਾਰ ਪਏ ਨੇ।
ਫਿੱਕੇ ਬੋਲਾਂ ਦੇ ਸੀਨੇ ਤੇ ਲਾ ਨਸ਼ਤਰ,
ਖ਼ੂਨ ਪਾਣੀ ਦਾ ਕਰਦੇ ਨਿਤਾਰ ਪਏ ਨੇ।
ਮਾਰ ਪੱਲੂ ਬੁਝਾ ਕੇ ਆਸ ਦੀਪਕ,
ਆਸਾਂ ਤੋੜ ਕੇ ਕਰਦੇ ਅੰਧਕਾਰ ਪਏ ਨੇ।
ਕੋਈ ਜੀਵਨ ਤੇ ਮੌਤ ਵਿਚਕਾਰ ਲਟਕੇ,
ਦੂਰੋਂ ਤੱਕ ਕੇ ਹੁੰਦੇ ਅਵਾਜ਼ਾਰ ਪਏ ਨੇ।
ਬਹਾਰ ਵਿੱਚ ਵੀ ਸਦਾ ਖਿਜ਼ਾਂ ਰਹਿੰਦੀ,
ਲੁੱਟਦੇ ਹਸਕੇ ਮੇਰਾ ਗ਼ੁਲਜ਼ਾਰ ਪਏ ਨੇ।
ਗੈਰਾਂ ਨਾਲ ਕਰਦੇ ਨੇ ਅੱਖ ਸਾਂਝੀ,
ਕਿਉਂ ਜਿਉਣ ਤੋਂ ਕਰਦੇ ਅਵਾਜ਼ਾਰ ਪਏ ਨੇ।
ਮੇਰੇ ਪਿਆਲੇ ਨੂੰ ਹੀ ਮਾਰ ਕੇ ਰੋਜ਼ ਠੋਹਕਰ
ਮੈਖਾਨੇ 'ਚੋਂ ਕਰਦੇ ਬਾਹਰ ਪਏ ਨੇ।
ਮੇਰੇ ਸਾਹਮਣੇ ਮੈਨੂੰ ਤੜਪਾਉਣ ਖਾਤਰ,
ਰਕੀਬਾਂ ਦਾ ਕਰਦੇ ਸਤਿਕਾਰ ਪਏ ਨੇ।

✵

## ਵਿਕਦਾ ਵਿਰਸਾ ਪੰਜਾਬ ਦਾ

ਫੁਲਾਂ ਨੂੰ ਸੀ ਹੱਥ ਪਾਇਆ ਪਰ ਕੰਡੇ ਮਿਲੇ।
ਝੜ ਗਈਆਂ ਫੁਲ ਪੱਤੀਆਂ ਸਖਣੇ ਡੰਡੇ ਮਿਲੇ।
ਚੰਨ ਉਧਾਰਾ ਲੈ ਗਿਆ ਸੀ ਨਿੱਘ ਤੇਰੇ ਰੂਪ ਦਾ,
ਛੁਹ ਕੇ ਵੇਖਿਆ ਤਾਂ ਰੇਤਾ ਤੇ ਪੱਥਰ ਠੰਡੇ ਮਿਲੇ।
ਸਰੇ ਬਾਜ਼ਾਰ ਲੁੱਟ ਜਾਂਦੀ ਏ ਇੱਜ਼ਤ ਕੰਜਕਾਂ ਦੀ,
ਦਰਬਾਰੀ ਜ਼ੋਰ ਤੇ ਜਬਰ ਕਰਦੇ ਮੁਸ਼ਟੰਡੇ ਮਿਲੇ।
ਅਧ ਨੰਗੇ ਜਿਸਮ ਤੇ ਵਿਕਦਾ ਵਿਰਸਾ ਪੰਜਾਬ ਦਾ,
ਟੀ. ਵੀ, ਮਜ਼ਾਰਾਂ ਤੇ ਸਭਿਆਚਾਰ ਗੁਲ ਕੰਡੇ ਮਿਲੇ।
ਨਦੀ ਚ’ ਠਿਲਿਆਂ ਘੋਘੇ, ਸਿੱਪੀਆਂ ਤੇ ਪੱਥਰ ਮਿਲੇ,
ਨਦੀਆਂ ਚੀਰ ਲੰਘੇ ਤਾਂ ਦਲਦਲ ਤੇ ਸਰਕੰਡੇ ਮਿਲੇ।
ਪਰਵਾਸ ਮਾਸੂਮਾਂ ਦਾ ਸਰਾਪ ਤੇਰੇ ਸ਼ਹਿਰ ਵਿੱਚ,
ਹਰ ਮੋੜ ਤੇ ਪੰਛੀ ਫੜਫੜਾਂਦੇ ਤੇ ਫੁੰਡੇ ਮਿਲੇ।
ਜਦ ਬਹਾਰ ਹੀ ਉਜਾੜ ਗਈ ਬਾਗਾਂ ਨੂੰ ਦੋਸਤ,
ਨਿਗਾਹ ਦੀ ਹੱਦ ਤਕ ਫੁਲ ਬੂਟੇ ਮਰੁੰਡੇ ਮਿਲੇ।
ਵਗੀ ਹਵਾ ਕਾਲੀ ਵਰ੍ਹਦੇ ਨੇ ਪੱਥਰ ਇਸ ਜਗ੍ਹਾ,
ਜਲਸੇ ਜਲੂਸਾਂ ਚ’ ਕੁਟਦੇ ਡਰਾਉਂਦੇ ਗੁੰਡੇ ਮਿਲੇ।
ਬਦਲਿਆ ਕਾਲੀਆਂ ਜ਼ੁਲਫਾਂ ਦਾ ਸੱਜਨਾ ਸੰਵਰਨਾ,
ਹਰ ਮਹਿਫਲ ’ਚ ਕੱਟੇ ਤੇ ਖਿੰਡਰੇ ਜੁੰਡੇ ਮਿਲੇ।
ਉਮਰ ਦਾ ਲਿਹਾਜ਼ ਨਾ ਰਿਸ਼ਤੇ ਦੀ ਤਮੀਜ਼ ਬਾਕੀ,
ਬੇ ਬਾਕੀਆਂ ਹੰਢਾਉਂਦੇ ਕੁੜੀਆਂ ਤੇ ਮੁੰਡੇ ਮਿਲੇ।
ਕੌਣ ਹੈ ਦੋਸਤ ਤੇ ਦੁਸ਼ਮਨ ਕੌਣ ਨਾ ਫਰਕ ਕੋਈ,
ਪਿਆਰਾਂ ਦੇ ਦੁਸ਼ਮਣ ਫਿਰਦੇ ਕੈਦੋ ਤੇ ਟੁੰਡੇ ਮਿਲੇ।
ਮੋਹ ਤੇ ਪਿਆਰ ਨੂੰ ਕਿਦਾਂ ਮਿਣੇਗੀ ਇਹ ਜ਼ਰੀਬ,
ਖੋਲ੍ਹ ਕੇ ਵੇਖੀ ਤਾਂ ਟੁੱਟੇ ਕੜੀਆਂ ਤੇ ਕੁੰਡੇ ਮਿਲੇ।

✷

## ਵਿਉਪਾਰ ਕਿਉਂ ਹੈ ?

ਤੇਰੇ ਹੁਸਨ ਤੇ ਏਨਾ ਨਿਖਾਰ ਕਿਉਂ ਹੈ ?
ਲਬਾਂ ਤੇ ਤਬੱਸਮ ਸੁਰਖ ਰੁਖਸਾਰ ਕਿਉਂ ਹੈ ?
ਤੇਰੇ ਸੰਦਲੀ ਜਿਸਮ ਦੀ ਮਹਿਕ ਹੈ ਹਵਾ 'ਚ,
ਸਮਝਦਾਂ ਹਰ ਸੂ ਗੁਲਜ਼ਾਰ ਕਿਉਂ ਹੈ ?
ਜ਼ੁਲਫ਼ ਤੇਰੀ ਯਾਰਾ, ਕਾਤਲ ਹੈ ਘਟਾ ਹੈ ?
ਮਕਤਲ 'ਚ ਜਾਣ ਲਈ, ਦਿਲ ਬੇਕਰਾਰ ਕਿਉਂ ਹੈ ?
ਤੜਪ ਤੇਰੇ ਮਿਲਨ ਦੀ, ਵਧੀ ਹੀ ਜਾਂਦੀ ਹੈ ?
ਹਰ ਪਲ ਰਹਿੰਦਾ ਤੇਰਾ ਇੰਤਜ਼ਾਰ ਕਿਉਂ ਹੈ ?
ਸੁਪਨੇ 'ਚ ਮਿਲਦੇ ਹੋ, ਰਾਤਾਂ ਨੂੰ ਰੋਜ਼ ਯਾਰਾ,
ਸਾਹਵੇਂ ਨਹੀਂ ਬਹਿੰਦੇ, ਇਨਕਾਰ ਕਿਉਂ ਹੈ ?
ਵਸਲ ਦੀ ਘੜੀ ਤਾਂ ਇੱਕ ਹੀ ਬੁਹਤ ਹੁੰਦੀ,
ਤੇਰੇ ਇਨਕਾਰ ਤੇ ਵੀ ਏਤਬਾਰ ਕਿਉਂ ਹੈ ?
ਕਦੀ ਹਾਂ ਕਦੀ ਨਾਂਹ ਕਰਦੇ ਹੋ ਸਦਾ,
ਇਨ੍ਹਾਂ ਅਦਾਵਾਂ ਤੇ ਆਉਂਦਾ ਪਿਆਰ ਕਿਉਂ ਹੈ ?
ਆ ਤਾਂ ਸਹੀ ਅਜੇ ਹੈ ਰਾਤ ਬਾਕੀ ,
ਤੇਰੀ ਆਮਦ ਦੀ ਉਡੀਕ 'ਚ ਬਹਾਰ ਕਿਉਂ ਹੈ ?
ਉਮਰਾਂ ਤੱਕ ਨਿਭਦੇ ਹਨ, ਵਾਅਦੇ ਆਸ਼ਕੀ ਦੇ,
ਦਿਲਾਂ ਦੇ ਹਨ ਮਾਮਲੇ ਵਿਉਪਾਰ ਕਿਉਂ ਹੈ ?

## ਜੀਵਨ

ਇਹ ਜੀਵਨ ਦੁੱਖਾਂ ਭਰਿਆ
ਫਿਰ ਜੀਂਦਾ ਇਸਨੂੰ ਕਿਉਂ
ਇਹ ਜੀਵਨ ਸੁੱਖੋਂ ਹਰਿਆ
ਫਿਰ ਜੀਂਦਾ ਇਸ ਨੂੰ ਕਿਉਂ ?
ਇਹ ਜੀਵਨ ਵਿਅੰਗਾਂ ਭਰਿਆ
ਇਹ ਜੀਵਨ ਕ੍ਰੋਧਾਂ ਭਰਿਆ
ਇਹ ਜੀਵਨ ਭੁੱਖਾਂ ਭਰਿਆ
ਫਿਰ ਜੀਦਾਂ ਇਸ ਨੂੰ ਕਿਉਂ ?
ਇਹ ਜੀਵਨ ਇੱਕ ਅੜੰਗਾ
ਇਹ ਜੀਵਨ ਇੱਕ ਪਲੰਦਾ
ਜਾਣ ਬੁੱਝ ਕੇ ਲੈਂਦਾ ਪੰਗਾ
ਫਿਰ ਜੀਂਦਾ ਇਸਨੂੰ ਕਿਉਂ ?
ਇਹ ਜੀਵਨ ਬੁਰਾ ਕਮੀਨਾ
ਪਰ ਦਿਸਦਾ ਰੰਗ ਰੰਗੀਨਾ
ਬੇਲੋੜਾ ਜਿਹਾ
ਬੇਸੁਆਦਾ ਜਿਹਾ
ਬੇਅਣਖਾ ਜਿਹਾ
ਬੇਮੁੱਲਾ ਜਿਹਾ
ਫਿਰ ਜੀਂਦਾ ਇਸ ਨੂੰ ਕਿਉਂ ?
ਇਹ ਜੀਵਨ ਇੱਕ ਚਿੰਗਾੜੀ
ਜੋ ਸਾੜ ਦਿੰਦਾ ਫੁੱਲਵਾੜੀ
ਹਰੀ ਭਰੀ
ਫੁੱਲਾਂ ਨਾਲ ਭਰੀ ਖੜ੍ਹੀ
ਕੋਈ ਤਰਸ ਨਾ ਆਂਦਾ
ਫਿਰ ਜੀਂਦਾ ਇਸ ਨੂੰ ਕਿਉਂ ?
ਕ੍ਰੋਧ ਸਾਣ ਤੇ ਚੜ੍ਹਿਆ ਹੋਇਆ
ਹਉਮੈਂ ਅੱਗ ਵਿੱਚ ਸੜਿਆ ਹੋਇਆ

ਇਹ ਹੰਕਾਰੀ
ਇਹ ਆਕੜਖੋਰ
ਫਿਰ ਜੀਂਦਾ ਇਸ ਨੂੰ ਕਿਉਂ ?
ਪਰ, ਇੱਕ ਕਿਰਨ ਪਿਆਰ ਦੀ
ਮਰਨ ਨਾ ਦਿੰਦੀ
ਜੀਣ ਨਾ ਦਿੰਦੀ
ਕਿਸੇ ਦੀ ਖਾਤਰ ਜੀਵਾਂ
ਇਹ ਬੇਸੁਆਦਾ ਜਿਹਾ ਜੀਵਨ
ਉਹ ਕੌਣ ਤੇ ਕੀ ?
ਬਸ ਉਸੇ ਦੇ ਪਿਆਰ ਦੀ ਲਾਲਸਾ
ਇਸੇ ਲਈ ਮੈਂ ਜੀਂਦਾ
ਇਹ ਦਰਮਾਂਦਾ ਜੀਵਨ।

## ਦੋ ਨਰਗਸੀ ਨੈਣ

ਸੁਣ ਨੀ ਕੁੜੀਏ
ਇਸ਼ਕ 'ਚ ਰੁੜੀਏ
ਪਿਆਰ 'ਚ ਗੁੜ੍ਹੀਏ
ਸੋਝਾਂ ਪੱਟੀਏ
ਅੱਲ੍ਹੜ ਕੁੜੀਏ
ਕੀ ਕੁੱਝ ਕਹਿਣ
ਤੇਰੇ ਦੋ ਨਰਗਾਸੀ ਨੈਣ।
ਨੀ ਮੁਟਿਆਰੇ
ਰੁੱਤ ਬਹਾਰੇ
ਨਾ ਦੇਹ ਲਾਰੇ
ਅਸੀਂ ਤੇਰੇ ਤੋਂ
ਜਾਈਏ ਵਾਰੇ
ਸਦਾ ਈ ਏਵੇਂ
ਸੈਣਤਾਂ ਕਰਦੇ ਰਹਿਣ
ਤੇਰੇ ਦੋ ਨਰਗਸੀ ਨੈਣ।
ਆ ਪਿਆਰ ਵਧਾਈਏ
ਘੁਲ ਮਿਲ ਜਾਈਏ
ਖੇੜਾ ਲਿਆਈਏ
ਇਸ ਜ਼ਿੰਦਗੀ ਵਿੱਚ
ਰੌਣਕ ਲਿਆਈਏ
ਤੱਕ ਤੱਕ ਕਿਸ ਵਲ
ਇਹ ਨਸ਼ਿਆਏ ਰਹਿਣ
ਤੇਰੇ ਦੋ ਨਰਗਸੀ ਨੈਣ।
ਤੇਰੀਆਂ ਤੱਕਨੀਆਂ ਕੋਮਲ
ਤੇਰੇ ਅੰਗ ਨੇ ਕੋਮਲ
ਮੇਰਾ ਪਿਆਰ ਏ ਕੋਮਲ
ਮੇਰੇ ਪਿਆਰ ਦੀਆਂ

ਤੰਦਾਂ ਨੇ ਕੋਮਲ
ਮੈਂ ਚਾਹਾਂ ਇਹ
ਹਰਦਮ ਤੱਕਦੇ ਰਹਿਣ
ਤੇਰੇ ਦੋ ਨਰਗਸੀ ਨੈਣ।
ਇਹ ਸੀਨੇ ਸੱਲਦੇ
ਇਹ ਜਾਂਦਿਆ ਠੱਲ੍ਹਦੇ
ਇਹ ਭਾਂਬੜ ਬਲਦੇ
ਹਿਜਰ ਦੀ ਅੱਗ ਦੇ
ਬਲ ਬਲ ਬੁੱਝਦੇ
ਬੁੱਝ ਬੁੱਝ ਬਲਦੇ
ਜਾਂ ਵੇਖ ਇਸ਼ਕ ਨੂੰ ਲੈਣ
ਤੇਰੇ ਦੋ ਨਰਗਸੀ ਨੈਣ।
ਇਹ ਸੈਨਤਾਂ ਕਰਦੇ
ਇਸ਼ਾਰੇ ਕਰਦੇ
ਗੁੱਝੀਆਂ ਮਾਰਨ
ਰਤੀ ਨਾ ਡਰਦੇ
ਡਿਗਦੇ ਢਹਿੰਦੇ
ਆ ਹੀ ਚੜ੍ਹਦੇ
ਲੰ ਘਕੇ ਸਾਰੇ ਵਹਿਣ
ਤੇਰੇ ਦੋ ਨਰਗਸੀ ਨੈਣ।

✯

## ਗੀਤ

ਅੱਜ ਵਗਦੀ ਪੁਰੇ ਦੀ ਵਾ।
ਦੋ ਅੱਖੀਆਂ ਨਿਤ ਕੋਠੇ ਚੜ੍ਹਕੇ,
ਤੱਕਣ ਤੇਰਾ ਰਾਹ।
ਦਿਲ ਤੇ ਗਮ ਦੀ ਬਦਲੀ ਛਾਈ,
ਯਾਦ ਤੇਰੀ ਬਣ ਨੇਰ੍ਹੀ ਆਈ,
ਰੁਕ ਰੁਕ ਦਿਲ 'ਚੋਂ ਨਿਕਲਨ ਹਾਵੇ,
ਬਣ ਬਣ ਤੱਤੀ ਵਾ।
ਅੱਜ ਵਗਦੀ ਪੁਰੇ ਵੀ ਨਾ।
ਹਾਲ ਮੇਰੇ ਤੇ ਹੱਸਣ ਤਾਰੇ,
ਦੇਕੇ ਤੁਰ ਗਿਉਂ ਝੂਠੇ ਲਾਰੇ,
ਸਾਵਣ ਵਰਖਾ ਰੋੜ੍ਹ ਲੈ ਜਾਵੇ।
ਹੰਝੂਆਂ ਦੇ ਦਰਿਆ।
ਅੱਜ ਵਗਦੀ.........।
ਸਾਉਣ ਦੀ ਵਰਖਾ ਔਸੀਆਂ ਪਾਵਾਂ
ਤਪਦਾ ਹਿਰਦਾ ਨਿਕਲਨ ਆਹਾਂ
ਪੱਤੇ ਖੜਕਨ ਪਵੇ ਭੁਲੇਖਾ।
ਕਦੇ ਤਾਂ ਵਿਹੜੇ ਆ।
ਅੱਜ ਵਗਦੀ.......
ਨੀਂਦਰ ਅੱਖੀਆਂ ਕਦੇ ਨਾ ਲਿਆਈਆਂ,
ਜ਼ੁਲਫਾਂ ਖੁਲ੍ਹ ਖੁਲ੍ਹ ਰਾਤਾਂ ਛਾਈਆਂ।
ਤੇਰੇ ਲਈ ਮੈਂ ਭਰੀ ਜਵਾਨੀ,
ਰੋ ਰੋ ਲਈ ਗੁਆ।
ਅੱਜ ਵਗਦੀ.....।
ਇਹ ਵਾਵਾਂ ਅੱਜ ਵੈਰੀ ਬਣੀਆਂ ,
ਸੂਲਾਂ ਵਾਂਗੂ ਚੁੱਭਣ ਕਣੀਆਂ।
ਸਬਰ ਦਿਲਾਂ ਦਾ ਲੁਟਪੁਟ ਜਾਵਨ,
ਮਾਹੀਆਂ ਤੇਰੇ ਦਾ।
ਅੱਜ ਵਗਦੀ.....।

## ਗੀਤ

ਜੋਗੀਆਂ ਦੇ ਭੇਸ ਵਿੱਚ, ਰਾਂਝਾ ਕੋਈ ਆ ਗਿਆ।
ਮਲੂਕ ਜਿਹੀ ਜਿੰਦੜੀ ਨੂੰ, ਰੋਗ ਡਾਢਾ ਲਾ ਗਿਆ।
ਜੋਗੀ ਨਹੀਉਂ ਮਿੱਤ ਹੁੰਦੇ,
ਐਵੇਂ ਅੱਖਾਂ ਲਾ ਲਈਆਂ।
ਯੋਗੀ ਦੀਆਂ ਯਾਦਾਂ ਚੁੱਕ,
ਸੀਨੇ 'ਚ ਟਿਕਾ ਲਈਆਂ।
ਦਿਲ ਲੈ ਗਿਆ ਰੁੱਗ ਭਰਕੇ, ਹੌਕੇ ਪਲੇ ਪਾ ਗਿਆ
ਜੋਗੀਆਂ ਦੇ ......................................।
ਚੜ੍ਹੀ ਵੀ ਜਵਾਨੀ ਮੇਰੀ,
ਜਾਦੂ ਕੋਈ ਕਰ ਗਿਆ।
ਨਿੱਕਾ ਜਿਹਾ ਦਿਲ ਮੇਰਾ,
ਸੱਧਰਾਂ ਨਾਲ ਭਰ ਗਿਆ।
ਗੋਰਾ ਗੋਰਾ ਰੰਗ ਉਹਦਾ, ਚਾਨਣ ਖਿੰਡਾ ਗਿਆ।
ਜੋਗੀਆਂ........................................।
ਵਿਹੜੇ ਚਰਖੀ ਕੱਤਦੀ,
ਤੇ ਬਾਰ ਵਲ ਝਾਕਦੀ।
ਮੋਟਾ ਮੋਟਾ ਤੰਦ ਪਾਵੇਂ,
ਬੇਬੇ ਮੈਨੂੰ ਆਖਦੀ।
ਵੱਸ ਨਹੀਉਂ ਮਾਏ ਮੇਰੇ, ਤੋੜ ਕੋਈ ਲਾ ਗਿਆ।
ਜੋਗੀਆਂ ........................................।
ਸੰਦਲੀ ਦੁੱਪਟਾ ਲੈ ਕੇ,
ਖੂਹੀ ਉਤੇ ਜਾਂਵਦੀ।
ਚੋਰੀ ਚੋਰੀ ਸਈਆਂ ਕੋਲੋਂ,
ਅੱਖੀਆਂ ਲੜਾਂਵਦੀ।
ਢਾਕ ਤੇ ਟਿਕਾਈ ਗਾਗਰ, ਲੱਕ ਡੋਲੇ ਖਾ ਗਿਆ।
ਜੋਗੀਆਂ ਦੇ ਭੇਸ ਵਿਚ, ਰਾਂਝਾ ਕੋਈ ਆ ਗਿਆ।

## ਗੀਤ

ਬੱਦਲਾਂ 'ਚ ਚੰਨ ਹੋ ਗਿਆ,
ਆਇਆ ਹੁਸਨ ਤੇ ਜਵਾਨੀ ਦਾ ਨਿਖਾਰ
ਖੂਹੀ ਉਤੇ ਆ ਕੇ ਸੋਹਣੇ, ਮੈਥੋਂ ਪਾਣੀ ਮੰਗਿਆ
ਨੈਣਾਂ ਨਾਲ ਨੈਣ ਮਿਲੇ, ਰੂਪ ਮੇਰਾ ਸੰਗਿਆ
ਲੁਕ ਲੁਕ ਚੰਨ ਕਰੇ ਉਸਦਾ ਦੀਦਾਰ
ਬਦਲਾਂ 'ਚ ........................
ਸਰੂਵਾਂ ਦੇ ਫੁਲਾਂ ਵਿਚੋਂ, ਲੁਕ ਲੁਕ ਤੱਕਿਆ
ਵੇਖ ਮੈਨੂੰ ਤਕਦੀ ਨੂੰ, ਹਸਣੋਂ ਨਾ ਝੱਕਿਆ
ਚੰਨ ਜਿਹੇ ਮੁਖੜੇ ਤੋਂ ਜਾਵਾਣੋਂ ਬਲਿਹਾਰ
ਬਦਲਾਂ...............................
ਡੰਡੀ ਵਾਲੇ ਖੂਹੇ ਉਤੇ, ਮਾਹੀ ਢੱਗੇ ਹੱਕਦਾ
ਰੋਟੀ ਲੈਕੇ ਲੰਘਦੀ ਦਾ, ਦਿਲ ਪਿਆ ਖੱਸਦਾ
ਫੁਲਾਂ ਵਾਲੀ ਹਾਸੀ ਉਹਦੀ ਚਾੜ੍ਹਦੀ ਖੁਮਾਰ
ਬਦਲਾਂ..................................
ਛਣ ਛਣ ਵੰਗਾਂ ਕਰਨ, ਓਸਦੀ ਨਿਸ਼ਾਨੀ ਨੀ
ਇਨ੍ਹਾਂ ਦੀ ਛਣਕ ਵਿਚ, ਮੇਰੀ ਜ਼ਿੰਦਗਾਨੀ ਨੀ
ਵੰਗ ਵੰਗ ਵਸਦਾ ਏ, ਓਸਦਾ ਪਿਆਰ
ਬਦਲਾਂ...............................
ਕੱਲ੍ਹ ਇੱਕ ਦੇ ਗਿਆ ਸੀ, ਕੱਢਨਾ ਰੁਮਾਲ ਨੀ
ਤੋਪੇ ਤੋਪੇ ਗੁੰਦਿਆ ਏ, ਦਿਲ ਵਾਲਾ ਹਾਲ ਨੀ
ਟੋਭੇ ਉਤੇ ਅਜ ਉਹਦਾ ਮਿਲਨ ਦਾ ਕਰਾਰ
ਬਦਲਾਂ..................................

✵

## ਗੀਤ

ਰੁੱਤਾਂ ਨੇ ਰੰਗੀਲੀਆਂ, ਵਾਵਾਂ ਨੇ ਨਸ਼ੀਲੀਆਂ।
ਆਇਆ ਮੱਕੀਆਂ ਤੇ ਬੂਰ,
ਚੰਨਾ। ਚੱਲਿਆਂ ਏ ਦੂਰ।
ਬਾਹਰ ਦੀ ਕਮਾਈ ਨਾਲੋਂ, ਰੁੱਖੀ ਮਿੱਸੀ ਖਾ ਲਵਾਂਗੇ।
ਉਹ ਵੀ ਨਾ ਮਿਲਿਆ ਜੇ, ਭੁੱਖੇ ਡੰਗ ਲਾਹ ਲਵਾਂਗੇ।
ਰੱਬ ਤੇ ਵੀ ਆਸ ਰੱਖ
ਮਿਲੇਗਾ ਜ਼ਰੂਰ।
ਚੰਨਾ।..................।
ਕਿਵੇਂ ਮੈਂ ਮਧਾਣੀ ਪਾਊਂ, ਉਠਕੇ ਵੇ ਤੜਕੇ।
ਤੁਰ ਚਲਿਉਂ ਏ ਮਾਹੀਆ, ਬਾਪੂ ਨਾਲ ਲੜਕੇ।
ਮੈਨੂੰ ਰੋਲ ਚਲਿਆਂ ਏਂ।
ਮੇਰਾ ਕੀ ਕਸੂਰ।
ਚੰਨਾ।................
ਪਲਕਾਂ ਦੇ ਛੱਜਿਆਂ 'ਚੋਂ ਕਿਰਦੇ ਨੇ ਹੰਝੂ ਦਾਣੇ।
ਪੈਰ ਤੇਰੇ ਧੋ ਧੋ ਕੇ, ਹੋਏ ਨੈਣ ਨੇ ਵੀਰਾਨੇ।
ਚੂੜੀਆਂ ਰੋਣ ਪਈਆਂ,
ਰੋਵੇ ਮਾਂਗ ਦਾ ਸੰਧੂਰ।
ਚੰਨਾ। ..............।
ਵੀਹੀ ਵਿਚੋਂ ਲੰਘਦੀ ਨੂੰ, ਦੇਣਗੇ ਸ਼ਰੀਕ ਮਿਹਣੇ।
ਨਣਦ ਨੇ ਕਹਿਣਾ, ਵੀਰ ਕਢਿਆ ਏ ਘਰੋਂ ਇਹਨੇ।
ਪਿੰਡ ਦੇ ਲਫੰਗਿਆਂ ਨੇ,
ਤੱਕਨਾ ਏ ਘੂਰ।
ਚੰਨਾ।...................
ਤੱਕ ਤੂੰ ਜਵਾਨੀ ਮੇਰੀ, ਭਾੜੇ ਦੇ ਭਾਅ ਜਾਊਗੀ।
ਅੱਥਰੀ ਨਿਮਾਣੀ ਰਾਤਾਂ, ਜਾਗ ਕੇ ਲੰਘਾਊਂਗੀ।
ਕਾਹਨੂੰ ਚਲਿਆਂ ਏ ਮਾਲੀ,
ਤੈਨੂੰ ਕਾਹਦਾ ਵੇ ਗਰੂਰ।
ਚੰਨਾ।...................

## ਗੀਤ

ਓਹਦੀ ਅਲ੍ਹੜ ਮਸਤ ਜਵਾਨੀ।
ਸਾਡੇ ਨਾਲ ਕਰੇ ਛੇੜਖਾਨੀ।
ਗਾਗਰ ਢਾਕ ਟਿਕਾਕੇ, ਬੁਲ੍ਹੀਆਂ ਉਤੇ ਹਾਸੀ ਲਿਆਕੇ,
ਲੰਘੇ ਮਾਰ ਕੇ ਮਰੋੜਾ।
ਤੁਰਦੀ ਨਾਚ ਉਹ ਕਰਦੀ ਜਾਵੇ।
ਜਿਧਰੋਂ ਲੰਘੇ ਝੱਖੜ ਲਿਆਵੇ।
ਗਲੀ ਦੇ ਤਿਣਕੇ ਪਿਆਰ ਜਿਤਾਂਦੇ, ਪਲਿਆਂ ਦੇ ਨਾਲ ਖਹਿ ਖਹਿ ਜਾਂਦੇ,
ਵੇਖੋ ਪੈਂਦਾ ਲੋਹੜਾ।
ਮਸਤਕ ਉਤੇ ਨਾਗ ਲਹਿਰਾਵਨ।
ਕਾਲੀਆਂ ਜੀਭਾਂ ਡੱਸਣ ਆਵਣ।
ਹੱਥ ਵਿਚ ਬੀਨਾਂ ਥਾਮ ਸਪੇਰੇ, ਫੇਰੇ ਮਾਰਨ ਸ਼ਾਮ ਸਵੇਰੇ,
ਚੱਖਣ ਲਈ ਰੂਹ ਕਿਉੜਾ।
ਝੂਮ ਝੂਮ ਕੇ ਤੁਰੇ ਜਵਾਨੀ।
ਖੂਹੀ ਉਤੋਂ ਲੈਣ ਨੂੰ ਪਾਣੀ।
ਮਣੀਆਂ ਉਹਦੇ ਨੈਣ ਜੜੇ ਨੇ, ਹਿੱਕ ਤੇ ਪਹਿਰੇਦਾਰ ਖੜੇ ਨੇ,
ਵੀਣੀ ਮੰਗਦੀ ਚੂੜਾ।
ਪੱਤਨ ਲਹਿਰਾਂ ਆ ਟਕਰਾਵਨ,
ਨੈਣ ਨਸ਼ਈਏ ਡੁਲਦੇ ਜਾਵਨ,
ਊਂ ਹੂੰ ਕਹਿਕੇ ਨਖਰਾ ਕਰਦੀ, ਅੱਗੇ ਹੋਕੇ ਰੋਕ ਏ ਖੜ੍ਹਦੀ,
ਸੰਗਦੀ ਥੋੜ੍ਹਾ ਥੋੜ੍ਹਾ।

✲

## ਗੀਤ

ਮੇਰਾ ਲੁੱਟ ਚਲਿਆ ਏ ਪਿਆਰ।
ਦੁਸ਼ਮਣ ਬਣ ਗਈ ਦੁਨੀਆਂ ਸਾਰੀ,
ਪੱਥਰ ਦਾ ਦਿਲਦਾਰ।

ਨਦੀ ਕਿਨਾਰਿਉਂ ਖੁਰਿਆ ਰੁਖੜਾ,
ਦੂਰ ਤੁਰ ਗਿਆ ਹਾਣੀ,
ਹਿੱਕ ਨਦੀ ਦੀ ਚੋਬ੍ਹਾਂ ਲਾਉਂਦੀ,
ਸੂਲੀ ਬਣ ਗਿਆ ਪਾਣੀ।
ਚੱਪੂ ਮੇਰੇ ਨਾ ਹਮਸਾਏ, ਦੁਸ਼ਮਣ ਹੈ ਮੰਝਧਾਰ।
ਮੇਰਾ ਲੁੱਟ ...................................।

ਪੌਣਾਂ ਨੇ ਅੱਜ ਲਈ ਅੰਗੜਾਈ,
ਗੀਤ ਕਰੁੱਨੇ ਗਾਏ।
ਰਾਤ ਦੇ ਸਿਰ ਤੇ ਕਾਲ਼ਾ ਓੜ੍ਹਨ,
ਛੁੱਪ ਗਏ ਦੁੱਖ ਦੇ ਸਾਏ।
ਚੰਨ ਦੁਖੀ ਹੋ ਤੁਰ ਗਿਆ ਛੱਡਕੇ, ਤਾਰਿਆਂ ਦਾ ਦਰਬਾਰ।
ਮੇਰਾ ਲੁੱਟ..................................................।

ਕੁਦਰਤ ਮੇਰਾ ਦਰਦ ਵੰਡਾਂਦੀ,
ਹੌਕੇ ਸੁਣ ਰਹੀ ਮੇਰੇ।
ਦਰਦ ਮੇਰਾ ਉਹ ਝੱਲ ਨਾ ਸਕਦੀ,
ਰੋਵੇ ਹੰਝੂ ਕੇਰੇ।
ਬੈਠੀ ਮੈਨੂੰ ਬੁੱਕਲ ਲੈਕੇ, ਬਣ ਰਹੀ ਏ ਗ਼ਮਖ਼ਾਰ।
ਮੇਰਾ ਲੁੱਟ .......................................।

ਅੱਜ ਵੀਰਾਨੇ ਵਿਚੋਂ ਲੱਭ ਰਹੀ,
ਮੈਨੂੰ ਇੱਕ ਤਸਕੀਨ।
ਅੰਬਰ ਮੇਰੇ ਪਿਤਾ ਦੇ ਵਾਂਗੂ,
ਮਾਤਾ ਬਣੀ ਜ਼ਮੀਨ।
ਇਸ ਜੰਗਲ ਦੇ ਬਿਰਛ ਬਰੂਏ, ਅੱਜ ਮੇਰਾ ਪਰਵਾਰ।
ਮੇਰਾ ਲੁੱਟ ..........................................।

ਅੱਜ ਧਰਤੀ ਦੇ ਘਾਹ ਤੇ ਤੀਲੇ,
ਬਣ ਰਹੇ ਮੇਰੇ ਸਹਾਰੇ,
ਸੰਗੀ ਸਾਥੀ ਛੱਡ ਕੇ ਤੁਰ ਗਏ,
ਮੈਨੂੰ ਨਦੀ ਕਿਨਾਰੇ,
ਮੇਰੇ ਗ਼ਮ ਹੀ ਮੇਰੀ ਖਾਤਰ, ਬਣ ਰਹੇ ਨੇ ਪਤਵਾਰ।
ਮੇਰਾ ਲੁੱਟ ........................................।

✱

## ਗੀਤ

ਕੱਟਦੀ ਨਹੀਂ ਇਕ ਪਹਿਰ ਵੀ
ਰਾਤ ਤੇਰੇ ਸ਼ਹਿਰ ਦੀ
ਕੂਕਾਂ ਤੇ ਆਹਾਂ ਉੱਠਦੀਆਂ
ਮਾਸੂਮ ਰੂਹਾਂ ਕੁੱਠਦੀਆਂ
ਮਾਂਵਾਂ ਦੇ ਸੀਨੇ ਪਾਟ ਗਏ, ਖ਼ੂਨੀ ਪਟੜੀ ਨਹਿਰ ਦੀ
ਰਾਤ ਤੇਰੇ ਸ਼ਹਿਰ ਦੀ
ਸ਼ਗਨਾਂ ਦਾ ਚੂੜਾ ਛਣਕਿਆ
ਗਜਰੇ 'ਚ ਜੂੜਾ ਦਮਕਿਆ
ਮਾਂਗ ਸੁੰਞੀ ਹੋ ਗਈ, ਰਾਤੀਂ ਪਿਛਲੇ ਪਹਿਰ ਦੀ
ਰਾਤ ਤੇਰੇ............
ਦਿਨ ਦਾ ਜੋ ਅਫਲਾਤੂਨ ਹੈ
ਰਾਤਾਂ ਨੂੰ ਪੀਂਦਾ ਖ਼ੂਨ ਹੈ
ਨਾਗਾਂ ਨੇ ਬੀਨਾਂ ਡੰਗੀਆਂ, ਕੀਲ ਟੁੱਟੀ ਜ਼ਹਿਰ ਦੀ
ਰਾਤ.............
ਸੱਤਲੁਜ ਦਾ ਪਾਣੀ ਜ਼ਹਿਰ ਹੈ
ਬਿਆਸਾ ਦੀ ਜ਼ਖਮੀ ਲਹਿਰ ਹੈ
ਰਾਤ ਚਾਨਣੀ ਬਣ ਗਈ, ਗਰਮੀ ਜੇਠ ਦੁਪਹਿਰ ਦੀ
ਪੰਜੇ ਦਾ ਖ਼ੂਨੀ ਵਾਰ ਹੈ
ਸ਼ਹਿਰ ਤੇਰਾ ਬੀਮਾਰ ਹੈ
ਸੰਭਲੋ ਮੇਰੇ ਸਾਥੀਓ, ਕਾਟ ਲੱਭੋ ਜ਼ਹਿਰ ਦੀ
ਰਾਤ..............

✵

## ਗੀਤ

ਅੱਖੀਆਂ 'ਚੋਂ ਹੰਝੂ ਮੁੱਕ ਰਹੇ ਨੇ, ਛਾ ਰਹੀ ਏ ਵੀਰਾਨੀ।
ਓ ਸੁਪਨਿਆਂ ਦੀ ਰਾਣੀ।
ਆਸਾਂ ਨੇ ਦਮ ਤੋੜ ਰਹੀਆਂ,
ਜਿਵੇਂ ਲੰਘਦੇ ਜਾਂਦੇ ਪਲ।
ਦੀਪ ਗਗਨ ਦੇ ਮੱਧਮ ਪੈ ਗਏ,
ਰਾਤ ਚੁੱਕੀ ਏ ਢਲ।
ਅਜੇ ਨਹੀਂ ਉਡੀਕ ਦਾ ਪੱਲਾ ਛਡਦੀ, ਪ੍ਰੀਤ ਮੇਰੀ ਦੀਵਨੀ।
ਓ ਸੁਪਨਿਆਂ ਦੀ ਰਾਣੀ।
ਰਾਤ ਬੀਤਦੀ ਦਿਨ ਆ ਜਾਂਦਾ,
ਦਿਨ ਮਗਰੋਂ ਫਿਰ ਰਾਤ,
ਆਸ ਮੇਰੀ ਦੇ ਲਹੂ 'ਚ ਨ੍ਹਾਕੇ,
ਆਉਂਦੀ ਏ ਪ੍ਰਭਾਤ,
ਇੰਝ ਲੰਘੀ ਏ ਉਮਰ ਸੁਨਹਿਰੀ, ਰਹਿੰਦੀ ਇੰਝ ਲੰਘ ਜਾਣੀ।
ਓ ਸੁਪਨਿਆਂ ਦੀ ਰਾਣੀ।
ਗੀਤ ਮੇਰੇ ਹੁਣ ਸੌਂ ਚੱਲੇ ਨੇ,
ਗਮ ਦੀ ਗਹਿਰੀ ਨੀਂਦ,
ਧੀਰਜ ਦੀ ਪਈ ਲੱਜ ਤਿੜਕਦੀ,
ਜਾ ਰਹੀ ਜੀਵਨ ਪੀਂਘ।
ਜ਼ਿੰਦਗੀ ਮੇਰੀ ਬਣੀ ਡਰਾਉਣੀ, ਰਾਤ ਜਿਵੇਂ ਬਰਫਾਨੀ।
ਓ ਸੁਪਨਿਆਂ ਦੀ ਰਾਣੀ।
ਸੁਪਨੇ ਮੇਰੇ ਇੰਝ ਨੇ ਝੂਠੇ,
ਜਿਉਂ ਤੇਰੇ ਇਕਰਾਰ।
ਯਾਦ ਵਿਦਾਨਾਂ ਦਿਲ ਇੰਝ ਕੀਤਾ,
ਜਿਉਂ ਗੜਿਆਂ ਦੀ ਮਾਰ।
ਜਦ ਤਕ ਧਰਤੀ ਗਰਦਸ਼ ਅੰਦਰ, ਤਦ ਤੱਕ ਪ੍ਰੀਤ ਨਿਭਾਣੀ।
ਓ ਸੁਪਨਿਆਂ ਦੀ ਰਾਣੀ।

## ਗੀਤ

ਫੁੱਲਾਂ ਦੇ ਝੁਮਕਿਆਂ ਵਾਲੀ, ਕਿ ਵਿਹੜੇ ਵਿਚ ਨੱਚਦੀ ਫਿਰੇ।
ਫੁੱਲ ਸਰ੍ਹੋਂ ਦੇ ਝੁਮਕੇ ਬਣਾ ਲਏ,
ਨਰਮੇਂ ਦੀ ਫੁੱਟੀਆਂ ਦੇ ਗਜਰੇ।
ਜਾਵੇ ਜਵਾਨੀ ਉਸਤੋਂ ਸਦਕੇ,
ਚਾਵਾਂ ਦੇ ਰੰਗ ਸੱਜਰੇ।
ਵਾਂਗ ਸ਼ਰਾਬੀ ਡੋਲੇ ਨਾਜ਼ੋ, ਭਰੀ ਵੀ ਹੁਸਨ ਦੀ ਪਿਆਲੀ।
ਕਿ ਵਿਹੜੇ..................................................।

ਅੰਗ ਅੰਗ ਤੇ ਚੜ੍ਹੀ ਏ ਮਸਤੀ,
ਬੜੀ ਏ ਸੁੰਦਰਤਾ ਭੋਲੀ।
ਨਖਰੇ ਉਹਦੇ ਸਾਂਭਣ ਦੇ ਲਈ,
ਇਸ਼ਕ ਪਿਆ ਅੱਡੇ ਝੋਲੀ।
ਜ਼ੁਲਫ ਲਹਿਰਾਏ ਚੰਨ ਛੁਪ ਜਾਏ, ਪੈ ਜਾਏ ਰਾਤ ਸ਼ਾਹ ਕਾਲੀ।
ਕਿ ਵਿਹੜੇ ......................................................।

ਨੱਚਦਾ ਜੋਬਨ ਕੁਆਰ ਕੁੜੀ ਦਾ,
ਕੰਧਾਂ ਝੁੱਮਰ ਪਾਵਨ,
ਮੋਰ ਆਣਕੇ ਦੁਆਲੇ ਨੱਚਦੇ,
ਉਹਦੀਆਂ ਨਕਲਾਂ ਲਾਹਵਨ।
ਲੋਕ ਪਤਲੋ ਦਾ ਖਾਏ ਹੁਲਾਰੇ, ਰੁਕ ਜਾਏ ਝੂਮਦੀ ਡਾਲੀ।
ਕਿ ਵਿਹੜੇ ................................................।

ਨੈਣ ਜਾਂ ਉਸਦੇ ਕਰਨ ਦਲੀਲਾਂ,
ਪਲਕਾਂ ਝੱਟ ਝੁਕ ਜਾਵਨ।
ਮੱਤ ਕੋਈ ਸਮਝੇ ਖੁਲ੍ਹੇ ਦਰ ਨੇ,
ਤਾਈਉਂ ਪਰਦੇ ਪਾਵਨ।

ਛਣਕਣ ਹਾਸੇ, ਜਾਨ ਨਿਰਾਸੇ ਦਰ ਤੋਂ ਰੂਪ ਦੇ ਸੁਆਲੀ।
ਕਿ ਵਿਹੜੇ ..............................................।

ਕੌਣ ਹੋਊ ਉਹ ਸਾਜਨ ਰੰਗਲਾ,
ਘੁੰਡ ਵਿਚ ਪਾਊ ਜੋ ਝਾਤ।
ਸੂਹੇ ਸੂਹੇ ਹੱਥ ਜੋ ਘੁਟੂ,
ਸ਼ਗਨਾਂ ਭਰੀ ਸੁਗਾਤ।
ਕਿਸਦੇ ਲਈ ਇਸ ਜਾਗ ਲੰਘਾਣੀ, ਰਾਤ ਉਡੀਕਾਂ ਵਾਲੀ।
ਕਿ ਵਿਹੜੇ ਵਿਚ ਨੱਚਦੀ ਫਿਰੇ, ਫੁੱਲਾਂ ਦੇ ਝੁਮਕਿਆਂ ਵਾਲੀ।

✵

## ਗੀਤ

ਕਿਸੇ ਦੀ ਉਡੀਕ ਵਿਚ, ਕਿਵੇਂ ਰਾਤਾਂ ਨੇ ਲੰਘਾਈਆਂ,
ਕੋਈ ਪੁੱਛੇ ?
ਬੱਸ ਥਰਕਦੇ ਹੀ ਰਹਿ ਗਏ ਨੇ ਸਾਏ।
ਜਵਾਨੀ ਢਲੀ, ਪਰ ਸਾਜਨ ਨਾ ਆਏ।
ਤੁਰ ਗਏ ਸ਼ਿਕਾਰੀ ਸਾਨੂੰ ਪਾ ਕੇ ਤੇ ਫਾਹੀਆਂ,
ਕੋਈ ਪੁੱਛੇ ?
ਕਿਸੇ ਦੀ ਉਡੀਕ ................?
ਫੁੱਲ ਮਸਲੇ ਗਏ, ਪਿਆ ਸੁੰਞਾ ਵਿਛਾਉਣਾ।
ਤੇਰੇ ਭਾ ਦਾ ਏ, ਮੇਰਾ ਦਿਲ ਇਹ ਖਿਲਾਉਣਾ।
ਕਿਹੜੀ ਮੇਰੀ ਭੁੱਲ ਪਿੱਛੇ, ਐਡੀਆਂ ਜੁਦਾਈਆਂ,
ਕੋਈ ਪੁੱਛੇ ?
ਕਿਸੇ ਦੀ ਉਡੀਕ ........................?
ਤੱਕ ਰੋਂਦੀ ਨੂੰ, ਹੱਸਦੇ ਨੇ ਚੰਨ ਸਿਤਾਰੇ।
ਆਪੋ ਵਿਚਦੀ ਨੇ, ਕਰਦੇ ਇਸ਼ਾਰੇ।
ਬੌਰੀ ਨੇ ਉਡੀਕਾਂ ਵਿਚ, ਸਦੀਆਂ ਲੰਘਾਈਆਂ ।
ਕੋਈ ਪੁੱਛੇ ?
ਕਿਸੇ ਦੀ ਉਡੀਕ............................?
ਉਡੀਕ ਹੰਝੂ ਬਣ, ਨੈਣਾਂ ਚੋਂ ਚੋਂਦੀ ਪਈ।
ਹਾਲ ਮੇਰੇ ਤੇ, ਰਾਤ ਵੀ ਰੋਂਦੀ ਪਈ।
ਕੁਦਰਤ ਰਾਣੀ ਨੇ ਵੀ ਅੱਖੀਆਂ ਝੁਕਾਈਆਂ।
ਕੋਈ ਪੁੱਛੇ ?
ਕਿਸੇ ਦੀ ਉਡੀਕ.....................?
ਦਿਨ ਸੁੰਞਾ ਤੇ ਰਾਤਾਂ ਵੀਰਾਨ ਨੇ।
ਉਡੀਕ 'ਦਰਸ਼' ਦੀ ਸਾਡੇ ਈਮਾਨ ਨੇ।
ਰੰਗ ਗੋਰਾ ਤੇ ਫਿਰ ਗਈਆਂ ਛਾਈਆਂ,
ਕੋਈ ਪੁੱਛੇ ?
ਕਿਸੇ ਦੀ ਉਡੀਕ...............?

## ਗੀਤ

ਮੇਰੀ ਕੁੜਤੀ ਤੇ ਪਾਦੇ ਸੋਹਣੇ ਫੁੱਲ ਦਰਜ਼ੀ।
ਜਾਣਾ ਮਾਹੀ ਨੂੰ ਮਿਲਨ ਅੱਜ ਮੇਰੀ ਮਰਜ਼ੀ।
ਇੱਕ ਤੂੰ ਬਣਾਦੇ ਉਤੇ, ਰੁੱਤ ਵੇ ਬਹਾਰ ਦੀ।
ਫੁੱਲ ਫੁੱਲ ਵਿਚੋਂ ਮਹਿਕ ਆਵੇ ਮੇਰੇ ਪਿਆਰ ਦੀ।
ਕਿਵੇਂ ਕਲੀਆਂ ਤੇ ਭੌਰੇ ਜਾਂਦੇ ਡੁਲ ਦਰਜ਼ੀ।
ਮੇਰੀ ਕੁੜਤੀ .........................।
ਇੱਕ ਤੂੰ ਬਣਾਦੇ ਉਤੇ ਰੰਗਲਾ ਪੰਜਾਬ ਵੇ।
ਰਾਂਝੇ ਵਾਲਾ ਬੇਲਾ ਅਤੇ ਸਹੋਣੀ ਦੀ ਚਨਾਬ ਵੇ।
ਕਿਵੇਂ ਥਲਾਂ ਵਿਚ ਸੱਸੀ ਗਈ ਰੁਲ ਦਰਜ਼ੀ।
ਮੇਰੀ ਕੁੜਤੀ ........................।
ਇੱਕ ਤੂੰ ਬਣਾਦੇ ਉੱਤੇ ਤ੍ਰਿੰਝਣ ਮੁਟਿਆਰਾਂ ਦਾ।
ਤੰਦ ਵਾਲੇ ਸਾਜ਼ ਉਤੇ ਛੋਹਾਂ ਗੀਤ ਪਿਆਰਾਂ ਦਾ।
ਸਦਕੇ ਮੈਂ ਜਾਵਾਂ ਉਹਤੋਂ, ਸਕਦੀ ਨਾ ਭੁੱਲ ਦਰਜ਼ੀ।
ਮੇਰੀ ਕੁੜਤੀ ............................।
ਇੱਕ ਤੂੰ ਬਣਾਦੇ ਉਤੇ ਭੱਠੀ ਭਠਿਆਰ ਦੀ।
ਦਾਣੇ ਮੈਂ ਭਨਾਉਣ ਜਾਵਾਂ, ਜਾਵਾਂ ਝਾਤੀ ਮਾਰਦੀ।
ਖੰਘ ਕੇ ਖੰਗੂਰਾ ਮਾਰੇ, ਮੋਤੀਏ ਦਾ ਫੁੱਲ ਦਰਜ਼ੀ।
ਮੇਰੀ ਕੁੜਤੀ ..................................।
ਇੱਕ ਤੂੰ ਬਣਾਦੇ ਉਤੇ ਕੱਸੀ ਕੋਲ ਢਾਬ ਵੇ।
ਅੱਕਾਂ ਵਿਚੋਂ ਝਾਤੀ ਮਾਰੇ, ਨੈਣਾਂ ਦਾ ਚਰਾਗ ਵੇ।
ਮੱਝ ਨੂੰ ਪਿਆਉਣ ਗਈ, ਸੰਗ ਗਈ ਖੁੱਲ ਦਰਜ਼ੀ।
ਮੇਰੀ ਕੁੜਤੀ ਤੇ ਪਾ ਦੇ ਸੋਹਣੇ ਫੁੱਲ ਦਰਜ਼ੀ।

✷

## ਗੀਤ

ਗਿਠ ਗਿਠ ਮੱਕੀਆਂ, ਲੱਕ ਲੱਕ ਮੱਕੀਆਂ ।
ਜੋਬਨ ਝਲਕਾਂ ਮਾਰੇ।
ਨੀ ਕੁੜੀਏ ਮੁਟਿਆਰੇ।
ਰਾਤ ਚਾਨਣੀ ਅੰਦਰ ਨੱਚਨ,
ਮੱਕੀਆਂ ਮਸਤੀ ਭਰੀਆਂ।
ਟਾਂਡਾ ਟਾਂਡਾ ਬਿਰਖ ਸ਼ੁਰੂ ਦਾ,
ਜਿਉਂ ਮੁਟਿਆਰਾਂ ਖੜ੍ਹੀਆਂ ।
ਧਰਤ ਮੇਰੀ ਦਾ ਤੀਲਾ ਤੀਲਾ, ਮਿਹਨਤ ਦੇ ਝਲਕਾਰੇ,
ਨੀ ਕੁੜੀਏ ਮੁਟਿਆਰੇ।
ਪੱਤੇ ਹਿੱਲਨ ਪਾਉਣ ਭੁਲੇਖਾ,
ਫਰਕਣ ਮੇਰੀਆਂ ਬਾਹਵਾਂ।
ਮਨ੍ਹੇ ਉਚੇਰੇ ਉਤੇ ਚੜ੍ਹਕੇ,
ਝਾਤ ਚੁਫੇਰੇ ਪਾਵਾਂ।
ਅੜ ਅੜ ਪੱਤੀਆਂ ਜ਼ੁਲਫ ਤੇਰੀ ਵਿਚ ਤੈਨੂੰ ਪਾਨ ਘਲਾਰੇ,
ਨੀ ਕੁੜੀਏ ਮੁਟਿਆਰੇ।
ਹੁਸਨ ਤੇਰੇ ਦਾ ਰੰਗ ਚੜ੍ਹ ਜਾਵੇ,
ਨਾਲ ਦੀ ਖਹਿਕੇ ਲੰਘੀ।
ਪ੍ਰੀਤਮ ਟਾਂਡੇ ਪ੍ਰੀਤ ਨੇ ਛੱਲੀਆਂ,
ਨਾ ਇਨ੍ਹਾਂ ਤੋਂ ਸੰਗੀ,
ਮੈਂ ਵੀ ਗਭਰੂ ਛੈਲ ਛਬੀਲਾ, ਇਹ ਵੀ ਗਭਰੂ ਸਾਰੇ,
ਨੀ ਕੁੜੀਏ ਮੁਟਿਆਰੇ।
ਇੰਝ ਲਗਦਾ ਜਿਉ ਖੇਤ ਮੇਰੇ ਵਿਚ,
ਪਰੀਆਂ ਦੀ ਇਹ ਢਾਣੀ।
ਵੇਖ ਕੇ ਤੈਨੂੰ ਝੂਮਣ ਖੜ੍ਹੀਆਂ,
ਤੂੰ ਇਨ੍ਹਾਂ ਦੀ ਰਾਣੀ।
ਆ ਚੜ੍ਹ ਮੰਨ੍ਹੇ, ਤੇ ਗੱਲਾਂ ਕਰੀਏ, ਲਈਏ ਪ੍ਰੀਤ ਹੁਲਾਰੇ,
ਨੀ ਕੁੜੀਏ ਮੁਟਿਆਰੇ।

ਤੇਰੀ ਜਵਾਨੀ ਇਹਦੀ ਜਵਾਨੀ,
ਮੇਰੇ ਲਈ ਸੁਗਾਤਾਂ।
ਤਾਈਓਂ ਈ ਮੈਂ ਝਾਗ ਲਵਾਂਗਾ,
ਠੰਡੀਆਂ ਸੀਤਲ ਰਾਤਾਂ।
ਲਸ ਲਸ ਕਰਦਾ ਜੋਬਨ ਤੇਰਾ, ਦੇਂਦਾ ਹੁਸਨ ਨਜ਼ਾਰੇ,
ਨੀ ਕੁੜੀਏ ਮੁਟਿਆਰੇ।

# ਗੀਤ

ਪੈਰ ਗੋਰੀ ਦੇ ਝਾਂਜਰ ਛਣਕੇ ਛਣ ਛਣ ਛਣ ਛਣ ਤੁਰਦੀ ਉਹ।
ਨਾਲ ਮਟਕ ਦੇ ਮਾਰ ਖੰਘੂਰਾ, ਐਸ ਮੋੜ ਤੋਂ ਮੁੜਦੀ ਉਹ।
ਸੱਜ ਵਿਆਹੀ ਹਥੀਂ ਚੂੜਾ,
ਕੰਨਾਂ ਦੇ ਵਿਚ ਵਾਲੇ।
ਅਜੇ ਅਧੂਰੇ ਇਸ ਦੇ ਅੰਦਰ,
ਚਾਅ ਮੁਕਲਾਵੇ ਵਾਲੇ।
ਨੈਣ ਗੋਰੀ ਦੇ ਕਰਨ ਕਲੋਲਾਂ, ਫਿਰੇ ਜਵਾਨੀ ਝੁਰਦੀ ਉਹ।
ਪੈਰ .................................।

ਨਾਗ ਦੇਸ਼ ਦੀ ਰਾਣੀ ਆਈ,
ਲੱਖਾਂ ਨਾਗ ਨੇ ਪਹਿਰੇਦਾਰ।
ਉਡਨੇ ਗੁੰਝਲੀਮਾਰ ਜ਼ਹਿਰੀਲੇ,
ਮੱਲੋ ਮੱਲੀ ਕਰਦੇ ਵਾਰ।
ਫਾਂਦਕੀਆਂ ਦੀਆਂ ਫੰਧਾਂ ਨੂੰ ਵੀ, ਜਾਂਦੀ ਟੋਟੇ ਕਰਦੀ ਉਹ।
ਪੈਰ ..............................

ਜ਼ੁਲਫਾਂ ਵਿਚ ਲਪੇਟੀ ਰਾਤਾਂ,
ਨੈਣਾਂ ਵਿਚ ਸਵੇਰੇ।
ਬੁਲ੍ਹੀਆਂ ਉਤੇ ਊਸ਼ਾ ਲਾਲੀ,
ਨੱਸਦੇ ਦੂਰ ਹਨੇਰੇ।
ਵਲ ਖਾਵੇ ਜਿਉਂ ਸੁਤਲਜ ਰਾਵੀ, ਬੋਚ ਬੋਚ ਪਬ ਧਰਦੀ ਉਹ।
ਪੈਰ ਗੋਰੀ ..................... .........।

ਪਿੰਡ ਦੇ ਮੁੰਡਿਆਂ ਕੰਮ ਵਿਸਾਰੇ,
ਭੱਠੀ ਕੋਲੇ ਡੇਰੇ।
ਖੂਹੀ ਵਾਲੀ ਗਲੀ 'ਚ ਮਾਰਨ,
ਫੇਰੇ ਸ਼ਾਮ ਸਵੇਰੇ।
ਖੇਤੀਂ ਗਭਰੂ ਰੁਮਾਲ ਹਿਲਾਉਂਦੇ, ਜਾਂ ਡੰਡੀ ਤੇ ਤੁਰਦੀ ਉਹ।
ਪੈਰ ਗੋਰੀ ...............................................।

ਚੋ ਚੋ ਪੈਂਦਾ ਜੋਬਨ ਰਸ ਏ,
ਰਸੇ ਨੇ ਬੜੇ ਅੰਗੂਰ।
ਜ਼ਾਲਮ ਬੜੀ ਏ ਸੁੰਦਰਤਾ ਭੋਲੀ,
ਦਿਲ ਕਈਆਂ ਦੇ ਚੂਰ।
ਤੀਰ ਨਿਸ਼ਾਨੇ ਢੂੰਡਦੀ ਜਾਂਦੀ, ਆਈ ਕਿਆਮਤ ਧੁਰਦੀ ਉਹ।
ਪੈਰ ਗੋਰੀ ਦੇ ਝਾਂਜਰ ਛਣਕੇ, ਛਣ ਛਣ, ਛਣ ਛਣ ਤੁਰਦੀ ਉਹ।

✵

## ਗੀਤ

ਤੇਰਾ ਤ੍ਰਿੰਝਣ ਸੁੰਞਾ ਨੀ
ਤੇਰਾ ਚਰਖਾ ਗੂੰਗਾ ਨੀ
ਨਾ ਘੂਕਰ ਪਾਂਦਾ ਨੀ
ਤੇਰਾ ਤ੍ਰਿੰਝਣ ਸੁੰਞਾ ਨੀ।

ਗਿੱਧਿਆਂ ਵਿੱਚ ਰੌਣਕ ਨਹੀਂ
ਜੀਤੋ ਬਿਨ ਤੇਰੇ ਨੀ
ਤੇਰੇ ਦੂਰ ਦੁਰਾਡੀਂ ਡੇਰੇ ਨੀ
ਗਿੱਧਿਆਂ ਵਿਚ ਰੌਣਕ ਨਹੀਂ।

ਤੇਰੇ ਬਿਨ ਸੁੰਞਾ ਵਿਹੜਾ ਨੀ
ਪਿਆ ਭਾਂ ਭਾਂ ਕਰਦਾ ਏ
ਤੇ ਵੀਰਾਨਾ ਲਗਦਾ ਏ
ਤੇਰੇ ਬਿਨ ਵਿਹੜਾ ਸੁੰਞਾ ਨੀ।

ਤੇਰਾ ਸੁੰਞਾ ਪਿਆ ਤੰਦੂਰ ਕੁੜੇ
ਅੱਜ ਇਸਤੇ ਫੁਲਕੇ ਪਕਦੇ ਨਹੀਂ
ਹੁੰਦੇ ਹੁਣ ਇਸ ਨੂੰ ਸਜਦੇ ਨਹੀਂ
ਤੇਰਾ ਸੁੰਞਾ ਪਿਆ ਤੰਦੂਰ ਕੁੜੇ।

ਤੈਨੂੰ ਕਿਸ ਮਾਹੀ ਨੇ ਵੰਝਿਆ ਨੀ
ਕਿਸ ਖੜਿਆ ਸਾਥੋਂ ਦੂਰ ਕੁੜੇ
ਤੁਰ ਗਈ ਤੂੰ ਵਾਂਗੂ ਬੂਰ ਕੁੜੇ
ਤੈਨੂੰ ਕਿਸ ਮਾਹੀ ਨੇ ਵੰਝਿਆ ਨੀ।

✲

## ਗੀਤ

ਬੀਤ ਜਾ, ਬੀਤ ਜਾ,
ਰੈਣ ਕਾਲੀ ਦੁਖਾਂ ਵਾਲੀ।
ਪਿਆਰ ਤੇ ਮੁਹੱਬਤਾਂ ਦੇ,
ਥੰਮ ਸਾਰੇ ਡੋਲ ਗਏ।
ਅਨ੍ਹੇਰੀਆਂ ਤੂਫਾਨ ਆਏ,
ਸੱਧਰਾਂ ਨੂੰ ਰੋਲ ਗਏ।
ਫੁੱਲ ਨੂੰ ਮਰੋੜ ਕੇ ਤੇ,
ਧ੍ਰੀਕ ਸੁੱਟੀ ਨਰਮ ਡਾਲੀ।
ਰੈਣ................।
ਆਸਾਂ ਤੇ ਉਮੀਦਾਂ ਵਿੱਚ,
ਸੱਧਰਾਂ ਨੇ ਰੋਲ੍ਹੀਆਂ।
ਨੈਣਾਂ ਵਾਲੀ ਤੱਕੜੀ ‘ਚ,
ਜਾਣ ਨਹੀਂ ਤੋਲੀਆਂ।
ਹੋਂਠ ਮੇਰੇ ਤਰਸਦੇ ਰਹੇ,
ਕੋਲੋਂ ਆਣ ਛੁੱਟੀ ਪਿਆਲੀ।
ਰੈਣ ....................।
ਹੁਣੇ ਹੀ ਸੀ ਫੁੱਟੀ ਲਾਲੀ,
ਘੋਰ ਘਟਾ ਛਾ ਗਈ।
ਮਸਾਂ ਸੀ ਚੜ੍ਹਾਈ ਗੁੱਡੀ,
ਅਨ੍ਹੇਰੀ ਝੁੱਲ ਆ ਗਈ।
ਅੱਧ ਵਿਚੋਂ ਟੁੱਟੀ ਡੋਰ,
ਆਣਕੇ ਪ੍ਰੀਤ ਵਾਲੀ।
ਰੈਣ ................।
ਸਾਗਰਾਂ ਦੀ ਤਹਿ ਵਿਚੋਂ,
ਮੋਤੀ ਇੱਕ ਟੋਲਿਆ।
ਛਡਿਆ ਨਾ ਵੈਰੀ ਦੁਨੀਆਂ।
ਝੱਟ ਸਾਥੋਂ ਖੋਹ ਲਿਆ।
ਟੁੱਟ ਚਲੀ ਆਸ ਹੁਣ,
ਕਿਸੇ ਦੀ ਉਡੀਕ ਵਾਲੀ।
ਰੈਣ .....................।

## ਰੱਬ

ਨਾ ਰੱਬ ਵੱਸੇ ਵਿੱਚ ਪਤਾਲੀਂ,
ਨਾ ਇਹ ਵਸੇ ਵਿੱਚ ਅਸਮਾਨਾਂ।
ਨਾ ਵਸਦਾ ਇਹ ਮੰਦਰ ਮਸੀਤੀਂ,
ਨਾ ਮੜ੍ਹੀਆਂ ਅਤੇ ਮਸਾਨਾ।
ਆਪੂੰ ਬੰਦਾ ਰੂਪ ਰਬ ਦਾ
ਅੰਦਰ ਝਾਤੀ ਮਾਰੋ।
ਅੰਦਰੋਂ ਤੁਹਾਨੂੰ ਲੱਭ ਜਾਏਗਾ।
ਨੇਕੀ ਰੱਖੋ ਨਸ਼ਾਨਾ।

✵

## ਰੈਣ ਬਸੇਰਾ

ਮੇਰਾ ਮੇਰਾ ਕਾਹਨੂੰ ਆਖੇਂ,
ਕੁੱਝ ਨਹੀਂ ਇਥੇ ਤੇਰਾ।
ਏਸ ਸਰਾਂ ਦੇ ਅੰਦਰ ਆ ਕੇ,
ਕਾਹਨੂੰ ਕਰੇਂ ਬਖੇੜਾ।
ਖ਼ਾਲੀ ਆਇਆ ਖ਼ਾਲੀ ਜਾਣਾ
ਨਾਲ ਕਿਸੇ ਨਹੀਂ ਜਾਣਾ
ਮੰਜ਼ਲ ਤੇਰੀ ਮੌਤ ਏ ਮੂਰਖ
ਏਥੇ ਰੈਣ ਬਸੇਰਾ

✵

## ਮੌਤ

ਮੌਤ ਮੌਤ ਤੂੰ ਸੁਣਕੇ ਕੰਬੇ,
ਮੌਤੋਂ ਕਾਹਦਾ ਡਰਨਾ।
ਇੱਕ ਦਿਨ ਏਸ ਨਮਾਣੀ,
ਵਾਰ ਤੇਰੇ ਤੇ ਕਰਨਾ।
ਬਚੇ ਨਾ ਇਸਦੇ ਹੱਥੋਂ ਕੋਈ,
ਰੀਤ ਇਹ ਚਲਦੀ ਆਈ।
ਆਪੇ ਆਈ ਬਾਝੋਂ ਚੰਗਾ,
ਕਿਸੇ ਦੀ ਖਾਤਰ ਮਰਨਾ।

✲

## ਸਾੜਾ

ਛੋਟਾ ਵੱਡਾ ਮੌਤ ਨਾ ਵੇਖੇ,
ਨਾ ਇਹ ਚੰਗਾ ਮਾੜਾ।
ਸੱਭ ਤੇ ਇਸਨੇ ਵਾਰ ਹੈ ਕਰਨਾ,
ਇਕੋ ਪਕੜ ਕੁਹਾੜਾ।
ਜਿਥੋਂ ਆਇਆ ਉਥੇ ਜਾਣਾ,
ਪਿੱਛੇ ਨਹੀਂ ਕਿਸੇ ਨੇ ਰਹਿਣਾ।
ਕਾਹਨੂੰ ਚੰਗਾ ਮੰਦਾ ਪਰਖੇਂ,
ਐਵੇਂ ਕਰਦੈਂ ਸਾੜਾ।

✲

## ਇਸ਼ਕ ਦੀ ਮੰਜ਼ਲ

ਦੂਰ ਦੁਰਾਡੀ ਇਸ਼ਕ ਦੀ ਮੰਜ਼ਲ,
ਰਾਹ ਇਸਦੇ ਕੰਡਿਆਲੇ।
ਗਿੱਟੇ ਗੋਡੇ ਪੈਣ ਝਰੀਟਾਂ,
ਜਾਨ ਦੇ ਪੈਸਨ ਲਾਲੇ।
ਤੂਫਾਨਾਂ ਤਾਈਂ ਚੀਰਦਾ ਜਿਹੜਾ,
ਚੜ੍ਹਜੇ ਟੀਸੀ ਜਾਕੇ।
ਸੁਪਨੇ ਸੱਧਰਾਂ ਪੁੰਨੀਆਂ ਜਾਵਨ
ਜਾ ਪ੍ਰੀਤਮ ਨੂੰ ਪਾ ਲੇ।

✵

## ਫ਼ਸਲ

ਅੱਧ ਚੇਤ ਜਾ ਬੀਤਿਆ,
ਫਸਲਾਂ ਰੰਗ ਵਟਾਇਆ।
ਫੜ ਕਾਮਾ ਹੱਥ ਦਾਤੀਆਂ,
ਵਿੱਚ ਖੇਤਾਂ ਦੇ ਆਇਆ।
ਆਪੇ ਪਾਲਨ ਪੋਸ਼ਨ ਕੀਤਾ,
ਹੱਥੀਂ ਕੀਤੀਆਂ ਛਾਵਾਂ।
ਆਪਣੀ ਚਾੜ੍ਹ ਜਵਾਨੀ ਇਸਤੇ,
ਆਪੇ ਵਾਢਾ ਪਾਇਆ।

✵

## ਚੰਨ

ਪਰੀਆਂ ਜ਼ਾਦੇ ਚੰਨ ਨੇ,
ਇਹ ਕੀ ਲੋਹੜਾ ਪਾਇਆ,
ਚਰਖਾ ਜਾਂ ਲੜ੍ਹ ਚਾਦਰ ਦਾ,
ਲੋਕਾਂ ਕਿਆਸ ਲਗਾਇਆ।
ਗਲਤ ਕਿਆਸੇ ਸੱਭ ਨੇ ਲਾਏ,
ਸਮਝ ਨਾ ਸਕਿਆ ਕੋਈ,
ਨਜ਼ਰੋਂ ਰੂਪ ਬਚਾਵਨ ਖਾਤਰ,
ਇਸ ਕਾਲਖ ਟਿੱਕਾ ਲਾਇਆ।

✳

## ਬਸੰਤ ਰੁਤ

ਖੱਟੀ ਚੁੰਨੀ ਲੈ ਬਸੰਤੀ,
ਵਿੱਚ ਪੈਲੀ ਦੇ ਆਈ।
ਠੁਮਕ ਠੁਮਕ ਪੱਬ ਧਰਦੀ,
ਝੂਮ ਝੂਮ ਉਸ ਝੁਮਰ ਪਾਈ।
ਅੰਗਾਂ ਵਿਚੋਂ ਮਸਤੀ ਟਪਕੇ,
ਮੈਨੂੰ ਖਿਚ ਬਹਾਇਆ।
ਤਾਰੇ ਚਮਕੇ ਵਿੱਚ ਅਕਾਸ਼ੀ,
ਸੁਰਤ ਮੈਨੂੰ ਜਦ ਆਈ।

✳

## ਘੁੰਡ

ਇੱਕ ਛਿਣ ਵੇਖ ਅੱਖਾਂ 'ਚ ਪਾ ਅੱਖਾਂ,
ਬਿਨ ਝਪਕਿਆਂ ਪਲਕਾ ਸੁਹਾਣੀਆਂ ਨੂੰ।
ਚਾਹੇ ਸਿੰਜੀਂ ਚਾਹੇ ਤੂੰ ਨਾ ਸਿੰਜੀਂ,
ਮੇਰੇ ਦਿਲ ਦੀਆਂ ਸੱਧਰਾਂ ਨਿਮਾਣੀਆਂ ਨੂੰ।
ਇੱਕ ਭਰਕੇ ਮਸਤੀ ਦੀ ਮਸਤ ਹੋਜਾਂ,
ਤੇਰੇ ਨੈਣਾਂ 'ਚੋਂ ਘੁੱਟ ਸ਼ਰਾਬ ਅੜੀਏ।
ਇੱਕ ਵਾਰ ਤਾਂ ਤੱਕ ਲੈ ਅੱਖ ਭਰਕੇ,
ਘੁੰਡ ਚੁੱਕ ਕੇ ਹੁਸਨ ਨਕਾਬ ਅੜੀਏ।

## ਮਾਹੀ ਦੀ ਉਡੀਕ

ਲੰਘੀ ਰਾਤ ਤੇ ਹੋਇਆ ਸਵੇਰਾ
ਮੁੜ ਕੇ ਸ਼ਾਮਾਂ ਪਈਆਂ
ਸੱਭੇ ਸਖੀਆਂ ਕੱਠੀਆਂ ਹੋ ਕੇ
ਪੀਂਘਾਂ ਝੂਟਣ ਗਈਆਂ
ਅੜੀਓ ਅੱਜ ਉਡੀਕਾਂ ਮੈਨੂੰ
ਵਿਹੜੇ ਚੰਨ ਏ ਚੜ੍ਹਨਾ
ਜਾਓ ਜਾਕੇ ਲਓ ਹੁਲਾਰੇ
ਕਾਹਤੋਂ ਖਹਿੜੇ ਪਈਆਂ।

## ਪ੍ਰੇਮ ਖੁਮਾਰੀ

ਨਾ ਦੁਨੀਆਂ ਦੀ ਖਬਰ ਰਹੀ ਕੁੱਝ,
ਨਾ ਰਹੀ ਹੋਸ਼ ਟਿਕਾਣੇ।
ਚੜ੍ਹੀ ਖ਼ਮਾਰੀ ਪ੍ਰੇਮ ਦੀ ਐਸੀ,
ਲੱਗੇ ਤੀਰ ਨਿਸ਼ਾਨੇ,
ਨਾ ਨਈਆ ਨਾ ਚੱਪੂ ਲੱਭੇ।
ਸ਼ਹੁ ਸਾਗਰ ਵਿੱਚ ਠਿਲ੍ਹਿਆ।
ਫਸਿਆ ਜਾਕੇ ਘੁੰਮਣ ਘੇਰੀ,
ਆਈ ਸੁਰਤ ਟਿਕਾਣੇ।

✵

## ਪਿਆਸ

ਤੇਰੀ ਯਾਦ ਦੇ ਅੰਦਰ ਮਾਹੀ,
ਨਿੰਦਰਾ ਚੜ੍ਹੀ ਆਕਾਸ਼ੀਂ।
ਬਦਲੀ ਆਈ ਛਮ ਛਮ ਵਸੀ,
ਮੈਂ ਤਾਂ ਅਜੇ ਪਿਆਸੀ।
ਦੀਦ ਤੇਰੇ ਲਈ ਨਜ਼ਰਾਂ ਲੱਗੀਆਂ,
ਤੜਪਨ ਹੋਂਠ ਪਿਆਸੇ,
ਆ ਪਿਲਾਦੇ ਪ੍ਰੇਮ ਪਿਆਲਾ
ਲਾ ਬੁਲ੍ਹਾਂ ਨੂੰ ਸਾਕੀ।

✵

## ਉਡੀਕ

ਸਦੀਆਂ ਬੀਤੀਆਂ ਰਾਹ ਤਕੰਦਿਆਂ,
ਬੀਤੇ ਦਿਨ ਸੁਹਾਣੇ।
ਚੜ੍ਹੀ ਜਵਾਨੀ ਕਹਿਰ ਦੀ,
ਥਰਕਣ ਅੰਗ ਨਿਮਾਣੇ।
ਭਰ ਦਰਦਾਂ ਨਾਲ ਰੁੰਨੀਆਂ ਅਖਾਂ,
ਰਾਤੀ ਨੀਂਦ ਨਾ ਆਵੇ।
ਮਾਹੀ ਆਇਆ ਮੈਂ ਸ਼ਰਮਾ ਗਈ,
ਹੋਸ਼ ਨਾ ਰਹੀ ਟਿਕਾਣੇ।

✵